ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 185 Friday, September 25, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWSPAPER** ਹੁਣ ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਅਕਾਲ ਤਖ਼ਤ ਵੱਲੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਓਜੀਸੀ ਤੇ ਓਐਸਜੀਸੀ ਨੇ ਲਿਆ ਸਖ਼ਤ ਨੋਟਿਸ

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਆਨੰਦ ਕਾਰਜ ਦੀਆਂ ਰਸਮਾਂ ਬੈਂਕੁਏਟ ਹਾਲ, ਗੌਲਫ ਕੋਰਸਿਜ਼ ਤੇ ਹੋਟਲਾਂ ਵਿੱਚ ਕੀਤੇ ਜਾਣ ਦੀਆਂ ਮਿਲ ਰਹੀਆਂ ਖਬਰਾਂ ਤੋਂ ਓਨਟਾਰੀਓ ਗੁਰਦੁਆਰਾਜ਼ ਕਮੇਟੀ (ਓਜੀਸੀ) ਤੇ ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ (ਓਐਸਜੀਸੀ) ਕਾਫੀ ਪਰੇਸ਼ਾਨ ਹਨ।



ਓਜੀਸੀ ਅਤੇ ਓਐਸਜੀਸੀ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਆਖਿਆ ਕਿ 16 ਮਾਰਚ, 1998 ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮ-ਨਾਮੇ, ਜਿਸ ਉੱਤੇ ਪੰਜ ਪਿਆਰਿਆਂ ਵੱਲੋਂ ਦਸਤਖ਼ਤ ਕੀਤੇ ਗਏ ਸਨ, ਪੱਕੇ ਪੈਰੀਂ ਪਹਿਰਾ ਦੇਵਾਂਗੇ। ਇਸ ਹੁਕਮਨਾਮੇ ਅਨੁਸਾਰ ਆਨੰਦ ਕਾਰਜ ਦੀਆਂ ਰਸਮਾਂ ਬੈਂਕੁਏਟ ਹਾਲ, ਗੌਲਫ ਕੋਰਸਿਜ਼ ਤੇ ਹੋਟਲਾਂ ਵਿੱਚ ਕੀਤੇ ਜਾਣ ਦੀ ਮਨਾਹੀ ਹੈ। ਓਜੀਸੀ ਅਤੇ ਓਐਸਜੀਸੀ ਨੇ ਆਖਿਆ ਕਿ ਇਸ ਹੁਕਮਨਾਮੇ ਦੀ ਇੱਕ ਕਾਪੀ, ਟਰਾਂਸਲੇਸ਼ਨ ਸਮੇਤ, ਨਾਲ ਨੱਥੀ ਕੀਤੀ ਜਾ ਰਹੀ ਹੈ।

ਇਨ੍ਹਾਂ ਕਮੇਟੀਆਂ ਨੇ ਅੱਗੇ ਆਖਿਆ ਕਿ ਅਜਿਹੀਆਂ ਫੈਸਿਲੀਟੀਜ਼ ਵਿਖੇ ਦਾਰੂ ਤੇ ਸਿਗਰਟਾਂ ਆਦਿ ਦੀ ਖਪਤ ਆਮ ਹੁੰਦੀ ਹੈ ਤੇ ਅਜਿਹੇ ਮਾਹੌਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲਿਜਾਇਆ ਜਾਣਾ ਬੇਅਦਬੀ ਵਾਲੀ ਗੱਲ ਹੈ। ਸੱਚੇ ਗੁਰੂ ਦੇ ਸਿੱਖ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਜਿਹੀ ਬੇਅਦਬੀ ਬਰਦਾਸ਼ਤ ਤੋਂ ਬਾਹਰ ਹੈ। ...ਬਾਕੀ ਪੰਨਾ 6 'ਤੇ

# ਸਪਾਊਸਲ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਤੇਜ਼ੀ ਲਿਆਵੇਗੀ ਆਈ ਆਰ ਸੀ ਸੀ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਅੱਜ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟਿਜ਼ਨਸ਼ਿਪ ਮੰਤਰੀ ਮਾਰਕੋ ਈ ਐਲ ਮੈਂਡੀਸਿਨੋ ਵੱਲੋਂ ਸਪਾਊਸਲ ਐਪਲੀਕੇਸ਼ਨਜ਼ਲ ਦੀ ਪ੍ਰੋਸੈਸਿੰਗ ਵਿੱਚ ਤੇਜ਼ੀ ਲਿਆਉਣ ਦਾ ਐਲਾਨ ਕੀਤਾ ਗਿਆ।



ਇਸ ਮੌਕੇ ਉਨ੍ਹਾਂ ਆਖਿਆ ਕਿ ਇਸ ਨਾਲ ਕੈਨੇਡਾ ਵਿੱਚ ਪਰਿਵਾਰਾਂ ਨੂੰ ਇੱਕਠੇ ਹੋਣ ਦਾ ਮੌਕਾ ਮਿਲੇਗਾ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ) ਵੱਲੋਂ ਸਪਾਊਸਲ ਅਰਜ਼ੀਆਂ ਦੇ ਅਧਾਰ 'ਤੇ ਫੈਸਲੇ ਲੈਣ ਦੀ ਸਮਰੱਥਾ ਨੂੰ 66 ਫੀ ਸਦੀ ਤੱਕ ਵਧਾਇਆ ਜਾ ਰਿਹਾ ਹੈ। ...ਬਾਕੀ ਪੰਨਾ 3 'ਤੇ

# ਮਹਾਂਮਾਰੀ ਦੌਰਾਨ ਸਰਕਾਰ ਵੱਲੋਂ ਅਣਗੌਲੇ ਮੁੱਦਿਆਂ ਦਾ ਜਨਤਕ ਮੁਲਾਂਕਣ ਕਰਵਾਇਆ ਜਾਵੇ : ਰੈਂਪਲ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਟਰੂਡੋ ਸਰਕਾਰ ਵੱਲੋਂ ਦਿੱਤੇ ਗਏ ਰਾਜ ਭਾਸ਼ਣ ਦੇ ਸਬੰਧ ਵਿੱਚ ਸਿਹਤ ਲਈ ਸ਼ੈਡੋ ਮੰਤਰੀ ਮਿਸ਼ੇਲ ਰੈਂਪਲ ਗਾਰਨਰ ਨੇ ਟਰੂਡੋ ਸਰਕਾਰ ਨੂੰ ਲੰਮੇਂ ਹੱਥੀਂ ਲਿਆ।



ਉਨ੍ਹਾਂ ਆਖਿਆ ਕਿ ਛੇ ਹਫਤੇ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਿਨਾਂ ਕਿਸੇ ਠੋਸ ਕਾਰਨ ਦੇ ਪਾਰਲੀਆਮੈਂਟ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਇਹ ਸਾਰਾ ਡਰਾਮਾ ਵੂਈ ਚੈਰਿਟੀ ਸਕੈਂਡਲ ਤੋਂ ਕੈਨੇਡੀਅਨਾਂ ਦਾ ਧਿਆਨ ਪਾਸੇ ਕਰਨ ਲਈ ਕੀਤਾ ਗਿਆ। ਇਸ ਰਾਜ ਭਾਸ਼ਣ ਵਿੱਚ ਕੋਈ ਨਵੀਂ ਯੋਜਨਾ ਨਹੀਂ ਲਿਆਂਦੀ ਗਈ। ਨਾ ਹੀ ਕੈਨੇਡੀਅਨਾਂ ਨੂੰ ਸੌਖਾ ਕਰਨ ਲਈ ਹੀ ਕੋਈ ਨਵਾਂ ਐਲਾਨ ਕੀਤਾ ਗਿਆ। ਟਰੂਡੋ ਸਰਕਾਰ ਦੇ ਗਲਤ ਫੈਸਲਿਆਂ ਕਰਕੇ ਕੈਨੇਡੀਅਨਾਂ ਨੂੰ ਆਪਣੀਆਂ ਜ਼ਿੰਦਗੀਆਂ, ਨੌਕਰੀਆਂ ਤੋਂ ਹੱਥ ਧੁਆਉਣੇ ਪੈ ਰਹੇ ਹਨ ਤੇ ਸਮਾਂ ਸਾਰਿਆਂ ਦੇ ਹੱਥੋਂ ਰੇਤ ਵਾਂਗੂ ਕਿਰਦਾ ਜਾ ਰਿਹਾ ਹੈ।

ਟਰੂਡੋ ਕੋਲ ਮੌਕਾ ਸੀ ਕਿ ਇਸ ਮਹਾਂਮਾਰੀ ਦੌਰਾਨ ਉਹ ਚੰਗੀ ਲੀਡਰਸ਼ਿਪ ਦੀ ਮਿਸਾਲ ਪੇਸ਼ ਕਰਦਿਆਂ ਕੈਨੇਡੀਅਨਾਂ ਲਈ ਰਾਹ ਦਸੇਰਾ ਬਣਦੇ। ਰਾਜ ਭਾਸ਼ਣ ਵਿੱਚ ਤਿੰਨ ਅਹਿਮ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਕੰਜ਼ਰਵੇਟਿਵਾਂ ਦਾ ਮੰਨਣਾ ਹੈ ਕਿ ਕੈਨੇਡੀਅਨਾਂ ਨੂੰ ਸੇਫ ਰੱਖਣ ਤੇ ਉਨ੍ਹਾਂ ਨੂੰ ਆਰਥਿਕ ਸਥਿਰਤਾ ਮੁਹੱਈਆ ਕਰਵਾਉਣ ਲਈ ਇਨ੍ਹਾਂ ਖੇਤਰਾਂ ਵੱਲ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ। ...ਬਾਕੀ ਪੰਨਾ 6 'ਤੇ

# ਬੰਦ ਹੋਣਾ ਚਾਹੀਦਾ ਹੈ ਆਰ ਸੀ ਐਮ ਪੀ ਵੱਲੋਂ ਸਿੱਖ ਆਫੀਸਰਜ਼ ਨਾਲ ਹੋ ਰਿਹਾ ਵਿਤਕਰਾ : ਡਬਲਿਊ ਐਸ ਓ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਆਰਸੀਐਮਪੀ ਵੱਲੋਂ ਦਾੜ੍ਹੀ ਵਾਲੇ ਸਿੱਖ ਆਫੀਸਰਜ਼ ਨਾਲ ਵਿਤਕਰਾ ਕੀਤੇ ਜਾਣ ਤੋਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ (ਡਬਲਿਊ ਐਸ ਓ) ਕਾਫੀ ਨਿਰਾਸ਼ ਹੈ। ਧਾਰਮਿਕ ਤੌਰ ਉੱਤੇ ਜ਼ਰੂਰੀ ਮੰਨੇ ਜਾਂਦੇ ਆਪਣੇ ਫੇਸ਼ੀਅਲ ਹੇਅਰ ਕਾਰਨ ਇਨ੍ਹਾਂ ਪੁਲਿਸ ਆਫੀਸਰਜ਼ ਨੂੰ ਆਰਸੀਐਮਪੀ ਵੱਲੋਂ 31 ਮਾਰਚ,2020 ਨੂੰ ਫਰੰਟਲਾਈਨ ਪੁਲਿਸਿੰਗ ਡਿਊਟੀਜ਼ ਤੋਂ ਹਟਾ ਦਿੱਤਾ ਗਿਆ।



ਇਨ੍ਹਾਂ ਪ੍ਰਭਾਵਿਤ ਆਫੀਸਰਜ਼ ਨੂੰ ਪਿਛਲੇ ਛੇ ਮਹੀਨੇ ਤੋਂ ਡੈਸਕ ਡਿਊਟੀ ਹੀ ਦਿੱਤੀ ਗਈ ਹੈ ਕਿਉਂਕਿ ਆਰਸੀਐਮਪੀ ਦਾ ਕਹਿਣਾ ਹੈ ਕਿ ਐਨ100 ਮਾਸਕ ਮੂੰਹ ਦੇ ਵਾਲਾਂ ਕਾਰਨ ਸਹੀ ਢੰਗ ਨਾਲ ਸੀਲ ਨਹੀਂ ਹੁੰਦੇ। ਹਾਲਾਂਕਿ ਮਾਸਕ ਪਾਉਣਾ ਲਾਜ਼ਮੀ ਨਹੀਂ ਹੈ ਤੇ ਇਸ ਬਾਰੇ ਫੈਸਲਾ ਫਰੰਟ ਲਾਈਨ ਆਫੀਸਰਜ਼ ਦੀ ਸਹਿਮਤੀ ਉੱਤੇ ਛੱਡਿਆ ਗਿਆ ਹੈ। ਇਸ ਨੂੰ ਉਦੋਂ ਹੀ ਲਾਜ਼ਮੀ ਮੰਨਿਆ ਗਿਆ ਹੈ ਜਦੋਂ ਆਫੀਸਰਜ਼ ਕਿਸੇ ਖਤਰੇ ਵਾਲੀ ਥਾਂ ਉੱਤੇ ਜਾ ਰਿਹਾ ਹੋਵੇ।

ਪ੍ਰਭਾਵਿਤ ਸਿੱਖ ਆਫੀਸਰਜ਼ ਵੱਲੋਂ ਅਪਰੈਲ 2020 ਵਿੱਚ ਡਬਲਿਊ ਐਸ ਓ ਨਾਲ ਇਸ ਸਬੰਧ ਵਿੱਚ ਸੰਪਰਕ ਕੀਤਾ ਗਿਆ। ਇਨ੍ਹਾਂ ਆਫੀਸਰਜ਼ ਨੇ ਆਖਿਆ ਕਿ ਉਨ੍ਹਾਂ ਨੂੰ ਪ੍ਰਸ਼ਾਸਕੀ ਡਿਊਟੀਜ਼ ਦਿੱਤੀਆਂ ਗਈਆਂ ਹਨ ਜਿਹੜੀਆਂ ਘੱਟ ਅਰਥਭਰਪੂਰ ਹਨ। ਇਨ੍ਹਾਂ ਸਿੱਖ ਆਫੀਸਰਜ਼ ਨੂੰ ਬਦਲਵੀਆਂ ਪੀਪੀਈ ਕਿੱਟਜ਼ ਮੁਹੱਈਆ ਕਰਵਾਉਣ ਦਾ ਵੀ ਕੋਈ ਉਪਰਾਲਾ ਨਹੀਂ ਕੀਤਾ ਗਿਆ। ...ਬਾਕੀ ਪੰਨਾ 6 'ਤੇ

# ਪੀਲ ਰੀਜਨ ਅਕਤੂਬਰ ਵਿੱਚ ਬੇਸਮੈਂਟਸ ਲਈ ਲਾਂਚ ਕਰੇਗਾ ਲੋਨ ਪ੍ਰੋਗਰਾਮ

ਬਰੈਂਪਟਨ, 24 ਸਤੰਬਰ (ਪੋਸਟ ਬਿਊਰੋ) : ਪੀਲ ਰੀਜਨ ਵੱਲੋਂ ਅਕਤੂਬਰ 2020 ਵਿੱਚ "ਮਾਇ ਹੋਮ ਸੈਕਿੰਡ ਯੂਨਿਟ" ਦੀ ਰੈਨੋਵੇਸ਼ਨ ਲਈ ਅਹਿਮ ਪ੍ਰੋਗਰਾਮ ਲਾਂਚ ਕੀਤਾ ਜਾ ਰਿਹਾ ਹੈ। ਇਸ ਨਾਲ ਸਥਾਨਕ ਵਾਸੀਆਂ ਨੂੰ ਆਪਣੇ ਮੌਜੂਦਾ ਗੈਰਕਾਨੂੰਨੀ ਜਾਂ ਅਨਰਜਿਸਟਰਡ ਬੇਸਮੈਂਟਸ ਨੂੰ ਸੈਕਿੰਡ ਯੂਨਿਟਸ ਵਜੋਂ ਰਜਿਸਟਰ ਕਰਵਾਉਣ ਦਾ ਮੌਕਾ ਮਿਲੇਗਾ। ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਪੇਸ਼ ਕੀਤੇ ਗਏ ਮਤੇ ਉੱਤੇ ਸਹਿਮਤੀ ਬਣਨ ਤੋਂ ਬਾਅਦ ਇਸ ਪ੍ਰੋਗਰਾਮ ਨੂੰ ਫਰਵਰੀ 2020 ਵਿੱਚ ਮਨਜ਼ੂਰੀ ਦੇ ਦਿੱਤੀ ਗਈ ਸੀ। ਪਰ ਕੋਵਿਡ-19 ਮਹਾਂਮਾਰੀ ਕਾਰਨ ਇਸ ਨੂੰ ਲਾਗੂ ਕਰਨ ਵਿੱਚ ਦੇਰ ਹੋ ਗਈ।

ਇਸ ਪ੍ਰੋਗਰਾਮ ਤਹਿਤ ਮਕਾਨ ਮਾਲਕਾਂ ਨੂੰ ਆਪਣੀਆਂ ਅਨਰਜਿਸਟਰਡ ਬੇਸਮੈਂਟਸ ਨੂੰ ਰੈਨੋਵੇਟ ਕਰਵਾਉਣ ਲਈ 10 ਸਾਲ ਵਾਸਤੇ ਵਿਆਜ਼ ਮੁਕਤ ਲੋਨ ਮਿਲ ਸਕੇਗਾ। ਇਸ ਤੋਂ ਇਲਾਵਾ ਸੈਕਿੰਡ ਯੂਨਿਟਸ ਨੂੰ ਜੇ ਉਹ ਬਿਨੈਕਾਰ ਦੀ ਮਰਜ਼ੀ ਦੇ ਕਿਰਾਏਦਾਰ ਨੂੰ ਕਿਰਾਏ ਉੱਤੇ ਦਿੰਦੇ ਹਨ ਤਾਂ ਉਨ੍ਹਾਂ ਨੂੰ 20,000 ਡਾਲਰ ਤੱਕ ਦਾ ਲੋਨ ਮਿਲ ਸਕੇਗਾ ਤੇ ਜੇ ਰੀਜਨ ਦੀ ਹਾਊਸਿੰਗ ਸਰਵਿਸਿਜ਼ ਦੀ ਵੇਟ



ਲਿਸਟ ਵਿੱਚ ਸ਼ਾਮਲ ਵਿਅਕਤੀ ਨੂੰ ਆਪਣੀ ਸੈਕਿੰਡ ਯੂਨਿਟ ਕਿਰਾਏ ਉੱਤੇ ਦਿੰਦੇ ਹਨ ਤਾਂ 30,000 ਡਾਲਰ ਤੱਕ ਦਾ ਲੋਨ ਵੀ ਮਿਲ ਸਕੇਗਾ। ਇਸ ਲਈ 10 ਫੀ ਸਦੀ ਗ੍ਰਾਂਟ ਵੀ ਮਿਲ ਸਕੇਗੀ।

ਕਾਊਂਸਲਰ ਢਿੱਲੋਂ, ਜੋ ਕਿ ਰੀਜਨ ਆਫ ਪੀਲ ਦੀ ਹਿਊਮਨ ਸਰਵਿਸਿਜ਼ ਦੇ ਵਾਈਸ ਚੇਅਰ ਵੀ ਹਨ, ਨੇ ਆਖਿਆ ਕਿ ਇਸ ਪ੍ਰੋਗਰਾਮ ਨਾਲ ਬਰੈਂਪਟਨ ਵਿੱਚ ਮੌਜੂਦਾ ਹਾਊਸਿੰਗ ਸੰਕਟ ਤੋਂ ਛੁਟਕਾਰਾ ਪਾਉਣ ਵਿੱਚ ਵੀ ਮਦਦ ਮਿਲੇਗੀ। ਇਸ ਦੇ ਨਾਲ ਹੀ ਕਾਨੂੰਨੀ ਤੌਰ ਉੱਤੇ ਲੋਕਾਂ ਨੂੰ ਆਪਣੀਆਂ ਬੇਸਮੈਂਟਸ ਰਜਿਸਟਰ ਕਰਵਾਉਣ ਲਈ ਹੱਲਾਸ਼ੇਰੀ ਮਿਲੇਗੀ। ਇਸ ਤੋਂ ਇਲਾਵਾ ਘਰ ਖਰੀਦਣ ਦੀ ਹਿੰਮਤ ਨਾ ਰੱਖਣ ਵਾਲਿਆਂ ਨੂੰ ਸੇਫ ਤੇ ਸਸਤੀ ਰਹਿਣ ਦੀ ਥਾਂ ਮਿਲ ਸਕੇਗੀ।

ਇਸ ਪ੍ਰੋਗਰਾਮ ਲਈ ਪਹਿਲਾਂ ਤੋਂ ਮੌਜੂਦ ਤੇ ਅਨਰਜਿਸਟਰਡ ਸੈਕਿੰਡ ਯੂਨਿਟ ਦਾ ਹੋਣਾ ਪਹਿਲੀ ਸ਼ਰਤ ਹੈ। ਇਸ ਲਈ ਹੇਠ ਲਿਖੇ ਅਨੁਸਾਰ ਅਪਲਾਈ ਕੀਤਾ ਜਾ ਸਕਦਾ ਹੈ :

- ਆਰਕੀਟੈਕਚਰਲ ਡਰਾਇੰਗਜ਼, ਜੋ ਮੁਕੰਮਲ ਹੋਣ ਤੇ ਜਿਨ੍ਹਾਂ ਉੱਤੇ ਸਟੈਂਪ ਲੱਗੀ ਹੋਵੇ ਹਾਸਲ ਕੀਤੀਆਂ ਜਾਣ ਅਤੇ ਸਿਟੀ ਤੋਂ ਬਿਲਡਿੰਗ ਪਰਮਿਟ ਹਾਸਲ ਕੀਤਾ ਹੋਵੇ
- ਪ੍ਰੋਗਰਾਮ ਕੋਆਰਡੀਨੇਟਰ ਨੂੰ 905-791-7800 ਐਕਸਟੈਂਸ਼ਨ 8032 ਉੱਤੇ ਕਾਲ ਕਰੋ
- ਜੇ ਸਾਰੀਆਂ ਲੋੜਾਂ ਮੇਲ ਖਾਂਦੀਆਂ ਹੋਣਗੀਆਂ ਤਾਂ ਪ੍ਰੋਗਰਾਮ ਕੋਆਰਡੀਨੇਟਰ ਮਕਾਨ ਮਾਲਕ ਨੂੰ ਐਪਲੀਕੇਸ਼ਨ ਫਾਰਮ ਭੇਜੇਗਾ
- ਸਾਰੇ ਮਾਪਦੰਡ ਪੂਰੇ ਹੋਣ ਉੱਤੇ ਯੋਗਤਾ ਸਬੰਧੀ ਮੁਲਾਂਕਣ ਕੀਤਾ ਜਾਵੇਗਾ ਤੇ ਜੇ ਮਕਾਨ ਮਾਲਕ ਇਸ ਪ੍ਰੋਗਰਾਮ ਲਈ ਕੁਆਲੀਫਾਈ ਕਰ ਲਵੇਗਾ ਤਾਂ ਉਸ ਨੂੰ ਇਸ ਬਾਰੇ ਜਾਣੂ ਕਰਵਾਇਆ ਜਾਵੇਗਾ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕੰਵਰ ਧੰਜਲ ਆਰ ਬੀ ਸੀ ਦੇ ਟੌਪ 25 ਕੈਨੇਡੀਅਨ ਇਮੀਗ੍ਰੈਂਟ ਐਵਾਰਡ ਨਾਲ ਸਨਮਾਨਿਤ




ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : 2007 ਵਿੱਚ ਕੈਨੇਡਾ ਆ ਕੇ 2008 ਵਿੱਚ ਆਪਣੀ ਕੰਪਨੀ ਜਸਟ ਇੰਸਟਰੂਮੈਂਟ ਕਾਇਮ ਕਰਨ ਵਾਲੇ ਕੰਵਰ ਧੰਜਲ ਅੱਜ ਇੱਕ ਸਫਲ ਕਾਰੋਬਾਰੀ ਹਨ। ਉਹ ਕੈਨੇਡਾ ਵਿੱਚ ਇੰਟਰੂਮੈਂਟੇਸ਼ਨ ਦੇ ਖੇਤਰ ਵਿੱਚ ਅੱਜ ਸਫਲਤਾਪੂਬਕ ਆਪਣੀ ਕੰਪਨੀ ਚਲਾ ਰਹੇ ਹਨ। ਕਾਰੋਬਾਰੀ ਤੇ ਭਾਰਤ ਤੋਂ ਆਏ ਤਜਰਬੇਕਾਰ ਟੈਕਨੋਕਰੈਟ ਧੰਜਲ ਨੂੰ ਇੰਡਸਟਰੀਅਲ ਇੰਸਟਰੂਮੈਂਟੇਸ਼ਨ ਤੇ ਆਟੋਮੇਸਨ ਦੇ ਖੇਤਰ ਵਿੱਚ ਕਾਫੀ ਤਜ਼ਰਬਾ ਹੈ ਤੇ ਉਹ ਇਸ ਖੇਤਰ ਵਿੱਚ ਸੇਲਜ, ਰਿਪੇਅਰ, ਪ੍ਰੌਸੈੱਸ ਕੰਟਰੋਲ ਇੰਸਟਰੂਮੈਂਟੇਸਨ ਲਈ ਕੈਲੀਬ੍ਰੇਸ਼ਨ ਤੇ ਆਟੋਮੇਸਨ ਸੌਲਿਊਸਨ ਮੁਹੱਈਆ ਕਰਵਾਉਂਦੇ ਹਨ। ਧੰਜਲ 2009 ਤੋਂ ਇੰਡੋ ਕੈਨੇਡੀਅਨ ਚੈਂਬਰ ਆਫ ਕਾਮਰਸ, ਟੋਰਾਂਟੋ ਦੇ ਲਾਈਫ ਮੈਂਬਰ ਰਹੇ ਹਨ। 2017-18 ਵਿੱਚ ਉਹ ਇਸ ਦੇ ਪ੍ਰੈਜ਼ੀਡੈਂਟ ਬਣੇ, 2016-2018 ਤੱਕ ਟਰੇਡ ਐਂਡ ਕਾਮਰਸ ਦੇ ਡਾਇਰੈਕਟਰ ਰਹੇ ਤੇ 2017 ਵਿੱਚ ਐੱਸ ਐੱਮ ਈ ਤੇ ਟਰੇਡ ਦੇ ਡਾਇਰੈਕਟਰ ਰਹੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੀਤੇ ਗਏ ਭਾਰਤ ਦੇ ਦੌਰੇ ਦੌਰਾਨ ਧੰਜਲ ਨੇ ਬਿਜਨਸ ਡੈਲੀਗੇਸ਼ਨ ਦੀ ਅਗਵਾਈ ਵੀ ਕੀਤੀ।

2018 ਤੋਂ ਅੱਜ ਤੱਕ ਧੰਜਲ ਬਰੈਂਪਟਨ ਬੋਰਡ ਆਫ ਟਰੇਡ ਦੀ ਟਰੇਡ ਐਂਡ ਇਨਵੈਸਟਮੈਂਟ ਕਮੇਟੀ ਦੇ ਚੇਅਰ ਰਹੇ। 2018 ਵਿੱਚ ਉਹ ਇਕਨੌਮਿਕ ਮਾਸਟਰ ਪਲੈਨ ਕਮੇਟੀ ਦੇ ਮੈਂਬਰ ਰਹੇ। ਪਿਛਲੇ ਦੋ ਸਾਲਾਂ ਤੋਂ ਬਰੈਂਪਟਨ ਦੇ ਰੋਟਰੀ ਕਲੱਬ ਦੇ ਮੈਂਬਰ ਹਨ। ਪਿਛਲੇ 12 ਸਾਲਾਂ ਤੋਂ ਫਰੀ ਮੇਸਨਰੀ ਦੇ ਮੈਂਬਰ ਹਨ। 2016-17 ਤੋਂ ਪੀਲ, ਬਰੈਂਪਟਨ ਦੀ ਬਿੱਗ ਬਰਦਰਜ਼ ਬਿੱਗ ਸਿਸਟਰਜ ਦੀ ਫੰਡ ਰੇਜ਼ਿੰਗ ਕਮੇਟੀ ਦੇ ਐਗਜੈਕਟਿਵ ਮੈਂਬਰ ਹਨ।

2014 ਵਿੱਚ ਧੰਜਲ ਨੂੰ ਕਲਰਜ ਆਫ ਇੰਡੀਆ ਵੱਲੋਂ ਫੇਸ ਆਫ ਇੰਡੀਆ ਐਵਾਰਡ ਨਾਲ ਨਿਵਾਜਿਆ ਗਿਆ। 2015 ਵਿੱਚ ਸਪਿਰਿਟ ਆਫ ਇਨੋਵੇਸ਼ਨ ਕੈਟੇਗਰੀ ਵਿੱਚ ਐਵਾਰਡ ਲਈ ਬੀਬੀਓਟੀ ਵਿੱਚ ਨਾਮਜ਼ਦ ਕੀਤੇ ਗਏ। 2017 ਵਿੱਚ ਬੀਬੀਓਟੀ ਵੱਲੋਂ ਉਨ੍ਹਾਂ ਨੂੰ ਇਨਾਗਰਲ ਚੇਅਰਜ ਐਵਾਰਡ ਦਿੱਤਾ ਗਿਆ। 2018 ਵਿੱਚ ਮਾਈ ਇੰਡੀਆ ਇਨ ਕੈਨੇਡਾ ਐਸੋਸਿਏਸਨ ਵੱਲੋਂ ਰੈਕੋਗਨਿਸਨ ਐਵਾਰਡ ਦਿੱਤਾ ਗਿਆ। 2019 ਵਿੱਚ ਟਰੇਡ ਪ੍ਰਮੋਸਨ ਕਾਉਂਸਲ ਆਫ ਇੰਡੀਆ ਵੱਲੋਂ ਰੈਕੋਗਨਿਸਨ ਐਵਾਰਡ ਦਿੱਤਾ ਗਿਆ। 2019 ਵਿੱਚ ਐਕਸੀਲੈਂਟ ਸਰਵਿਸਿਜ ਲਈ ਕੋਟਲਰ ਐਵਾਰਡ, 2019 ਵਿੱਚ ਆਈ ਐਮ ਈ ਸੀ, ਕੈਨੇਡਾ ਵੱਲੋਂ ਇਨਫਲੂਐੱਸਲ ਟੈਕਨੋਕਰੈਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 2019 ਵਿੱਚ ਜਿਊਲਜ ਆਫ ਪੰਜਾਬ ਵਿੱਚ ਉੱਘੇ 75 ਪੰਜਾਬੀਆਂ ਵਿੱਚੋਂ ਇੱਕ ਧੰਜਲ ਵੀ ਸਨ, 2020 ਵਿੱਚ ਧੰਜਲ ਨੂੰ ਲਾਹੌਰ ਚੈਂਬਰ ਆਫ ਕਾਮਰਸ ਇਨ ਪਾਕਿਸਤਾਨ ਵੱਲੋਂ ਮਾਨਤਾ ਦਿੱਤੀ ਗਈ।

# ਟਰੂਡੋ ਦੀ ਕਰਨੀ ਤੇ ਕਥਨੀ ਵਿੱਚ ਵੱਡਾ ਫਰਕ : ਜਗਮੀਤ ਸਿੰਘ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਸਾਫ ਲਫਜ਼ਾਂ ਵਿੱਚ ਪ੍ਰਧਾਨ ਮੰਤਰੀ ਟਰੂਡੋ ਨੂੰ ਦਿੱਤੇ ਸੁਨੇਹੇ ਵਿੱਚ ਆਖਿਆ ਕਿ ਆਪਣੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਕੈਨੇਡੀਅਨ ਖੋਖਲੇ ਵਾਅਦੇ ਨਹੀਂ ਚਾਹੁੰਦੇ ਸਗੋਂ ਇਨ੍ਹਾਂ ਵਾਅਦਿਆਂ ਨੂੰ ਅਮਲੀ ਜਾਮੇ ਵਿੱਚ ਵੇਖਣਾ ਚਾਹੁੰਦੇ ਹਨ।

ਟਰੂਡੋ ਦੇ ਖੋਖਲੇ ਲਫਜ਼ਾਂ ਤੇ ਟੁੱਟੇ ਹੋਏ ਵਾਅਦਿਆਂ ਨਾਲ ਕੈਨੇਡਾ ਵਿੱਚ ਕਿਸੇ ਦਾ ਭਲਾ ਨਹੀਂ ਹੋਣ ਵਾਲਾ। ਇਸ ਮਹਾਂਮਾਰੀ ਨੇ ਉਨ੍ਹਾਂ ਸੇਵਾਵਾਂ ਵਿਚਲੇ ਖੱਪਿਆਂ ਦੀ ਪੋਲ ਖੋਲ੍ਹ ਦਿੱਤੀ ਹੈ ਜਿਨ੍ਹਾਂ ਉੱਤੇ ਬਹੁਤੇ ਕੈਨੇਡੀਅਨ ਨਿਰਭਰ ਕਰਦੇ ਹਨ। ਇਸ ਦੇ ਨਾਲ ਹੀ ਸਾਰੀਆਂ ਅਸਮਾਨਤਾਵਾਂ ਵੀ ਉਜਾਗਰ ਹੋ ਗਈਆਂ ਹਨ। ਐਨਡੀਪੀ ਲੋਕਾਂ ਲਈ ਸੰਘਰਸ਼ ਕਰਨ ਤੇ ਉਨ੍ਹਾਂ ਦੀ ਮਦਦ ਲਈ ਹਮੇਸ਼ਾਂ ਇਕਾਗਰਚਿੱਤ ਹੈ। ਜਗਮੀਤ ਸਿੰਘ ਨੇ ਆਖਿਆ ਕਿ ਰਾਜ ਭਾਸ਼ਣ ਵਿੱਚ ਵੀ ਸਰਕਾਰ ਨੇ ਬਹੁਤ



ਵਧੀਆ ਗੱਲਾਂ ਕੀਤੀਆਂ। ਪਰ ਇਹ ਤਾਂ ਸਾਰੀਆਂ ਕਾਗਜ਼ੀ ਗੱਲਾਂ ਹਨ। ਵਾਰੀ ਵਾਰੀ ਪ੍ਰਧਾਨ ਮੰਤਰੀ ਇਹ ਸਿੱਧ ਕਰ ਚੁੱਕੇ ਹਨ ਕਿ ਉਨ੍ਹਾਂ ਦੀ ਕਰਨੀ ਤੇ ਕਥਨੀ ਵਿੱਚ ਕਾਫੀ ਫਰਕ ਹੈ। ਟਰੂਡੋ ਵੱਡੇ ਵਾਅਦੇ ਤਾਂ ਕਰ ਲੈਂਦੇ ਹਨ ਪਰ ਉਨ੍ਹਾਂ ਨੂੰ ਪੂਰਾ ਨਹੀਂ ਕਰਦੇ। ਮਹਾਂਮਾਰੀ ਦੌਰਾਨ ਤੇ ਰਿਕਵਰੀ ਸਮੇਂ ਲੋਕਾਂ ਨੂੰ ਸਰਕਾਰ ਤੋਂ ਬਹੁਤ ਆਸਾਂ ਹਨ। ਉਨ੍ਹਾਂ ਆਖਿਆ ਕਿ ਜੇ ਸਾਨੂੰ ਪੈਰ ਪੈਰ ਉੱਤੇ ਵੀ ਲੋਕਾਂ ਲਈ ਲੜਨਾ ਪਿਆ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ ਤੇ ਸਰਕਾਰ ਨੂੰ ਆਪਣੇ ਨਾਲ ਕੰਮ ਕਰਨ ਲਈ ਰਾਜ਼ੀ ਕਰ ਲਵਾਂਗੇ।

ਉਨ੍ਹਾਂ ਆਖਿਆ ਕਿ ਭਾਵੇਂ ਸਕੂਲ ਵਿੱਚ ਬੱਚਿਆਂ ਦਾ ਸੁਰੱਖਿਅਤ ਢੰਗ ਨਾਲ ਪਰਤਣਾ ਹੋਵੇ, ਜਿਹੜੇ ਲੋਕ ਕੰਮ ਗੁਆ ਬੈਠੇ ਹਨ ਉਨ੍ਹਾਂ ਦੀ ਆਮਦਨ ਵਿੱਚ ਮਦਦ ਦੀ ਗੱਲ ਹੋਵੇ, ਬਜ਼ੁਰਗਾਂ ਤੇ ਅਪਾਹਜ ਲੋਕਾਂ ਦੀ ਮਦਦ ਜਾਂ ਫਿਰ ਵਿਦਿਆਰਥੀਆਂ ਤੇ ਨਿੱਕੇ ਕਾਰੋਬਾਰੀਆਂ ਨੂੰ ਮੁੜ ਪੈਰਾਂ ਸਿਰ ਕਰਨ ਦੀ ਗੱਲ ਹੋਵੇ ਐਨਡੀਪੀ ਨੇ ਕੈਨੇਡੀਅਨਾਂ ਲਈ ਸੰਘਰਸ਼ ਕੀਤਾ।

ਜਗਮੀਤ ਸਿੰਘ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਸਾਡੀ ਤਰਜੀਹ ਕੈਨੇਡੀਅਨ ਰਹੇ ਹਨ। ਅਸੀਂ ਤੁਹਾਡੇ ਲਈ ਸੰਘਰਸ਼ ਕਰਦੇ ਰਹੇ ਹਾਂ ਤੇ ਕਰਦੇ ਰਹਾਂਗੇ। ਤੁਹਾਡੇ ਪਰਿਵਾਰਾਂ, ਤੁਹਾਡੀ ਸਿਹਤ, ਤੁਹਾਡੇ ਲਈ ਚੰਗੀਆਂ ਨੌਕਰੀਆਂ ਤੇ ਚੰਗੇ ਮਾਹੌਲ ਲਈ ਸਾਡਾ ਇਹ ਸੰਘਰਸ਼ ਜਾਰੀ ਰਹੇਗਾ।

# ਸੀਨੀਅਰਜ਼ ਲਈ ਥਰੋਨ ਸਪੀਚ ਬੇਹੱਦ ਨਿਰਾਸ਼ਾਜਨਕ ਰਹੀ

ਬਰੈਂਪਟਨ ਪੋਸਟ ਬਿਉਰੋ: ਲਿਬਰਲ ਸਰਕਾਰ ਵੱਲੋਂ ਪੇਸ਼ ਕੀਤੀ ਗਈ ਥਰੋਨ ਸਪੀਚ ਬਾਰੇ ਪ੍ਰਤੀਕਰਮ ਦੇਂਦੇ ਹੋਏ ਨਿਊ ਹੋਪ ਸੀਨੀਅਰ ਸਿਟੀਜ਼ਨਜ਼ ਆਫ ਬਰੈਂਪਟਨ ਦੇ ਪ੍ਰਧਾਨ ਸੰਭੂ ਦੱਤ ਸ਼ਰਮਾ ਨੇ ਕਿਹਾ ਕਿ ਜਿੱਥੇ ਤੱਕ ਸੀਨੀਅਰਜ਼ ਦਾ ਸੁਆਲ ਹੈ, ਇਹ ਸਪੀਚ ਬਹੁਤ ਹੀ ਨਿਰਾਸ਼ਾਜਨਕ ਹੈ। ਉਹਨਾਂ ਕਿਹਾ ਕਿ ਪਿਛਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਦੀ ਸੂਰਤ ਵਿੱਚ 75 ਸਾਲ ਤੋਂ ਵੱਧ ਉਮਰ ਦੇ ਹਰ ਸੀਨੀਅਰ ਵਾਸਤੇ ਓਲਡ ਏਜ ਸਿਕਿਉਰਿਟੀ ਲਾਭ ਨੂੰ ਵਧਾ ਕੇ 729 ਡਾਲਰ ਪ੍ਰਤੀ ਮਹੀਨਾ ਕਰ ਦਿੱਤਾ ਜਾਵੇਗਾ ਅਤੇ ਇਵੇਂ ਹੀ ਕੈਨੇਡਾ ਪੈਨਸ਼ਨਲ ਪਲਾਨ ਵਿੱਚ 25% ਵਾਧਾ ਕਰਨ ਦਾ ਵਾਅਦਾ ਕੀਤਾ ਗਿਆ। ਸ੍ਰੀ ਸ਼ਰਮਾ ਮੁਤਾਬਕ ਇਹੋ ਜਿਹੇ ਦਿਲ ਲੁਭਾਵਣੇ ਵਾਅਦੇ ਕਰਨ ਵਾਲੀ ਸਰਕਾਰ ਨੇ ਵੋਟਾਂ ਹਾਸਲ ਕਰਨ ਤੋਂ ਬਾਅਦ ਸੀਨੀਅਰਜ਼ ਦੇ ਹੱਥ ਕੁੱਝ ਵੀ ਨਹੀਂ ਦਿੱਤਾ ਹੈ।

ਸ੍ਰੀ ਸ਼ਰਮਾ ਮੁਤਾਬਕ ਸਮੁੱਚੀ ਥਰੋਨ ਸਪੀਚ ਵਿੱਚ ਸੀਨੀਅਰਾਂ ਨੂੰ ਨਾਮਾਤਰ ਵੀ ਲਾਭ ਦੇਣ ਦਾ ਐਲਾਨ ਨਾ ਕਰਨਾ ਸਾਬਤ ਕਰਦਾ ਹੈ ਕਿ ਸਰਕਾਰ ਨੂੰ ਸੀਨੀਅਰਾਂ ਦੀ ਸਲਾਮਤੀ ਨਾਲ ਸ਼ਾਬਦਿਕ ਹਮਰਦਰਦੀ ਤੋਂ ਇਲਾਵਾ ਕੋਈ ਲੈਣਾ ਦੇਣਾ ਨਹੀਂ ਹੈ। ਉਹਨਾਂ ਸੁਆਲ ਕੀਤਾ ਕਿ ਜੇ ਸਰਕਾਰ ਨੇ ਕੋਵਿਡ-19 ਮਹਾਮਾਰੀ ਦੌਰਾਨ ਇਕ ਵਿਅਕਤੀ ਦੇ ਜੀਵਨ ਨਿਰਬਾਹ ਲਈ ਮਹੀਨਾਵਾਰ 2000 ਡਾਲਰ ਰਾਸ਼ੀ ਨੂੰ ਮਾਪਦੰਡ ਮੰਨ ਲਿਆ ਸੀ ਤਾਂ ਇਸ ਮਾਪਦੰਡ ਨੂੰ ਯੂਨੀਵਰਸਲ ਕਿਉਂ ਨਾ ਕੀਤਾ ਗਿਆ ਜਿਸਤੋਂ ਸੀਨੀਅਰਜ਼ ਕੁੱਝ ਸੁੱਖ ਦਾ ਸਾਹ ਲੈ ਸਕਦੇ।

# ਓਨਟਾਰੀਓ ਦੇ ਹਸਪਤਾਲ ਨੇ ਕੀਤੀ 97 ਰਜਿਸਟਰਡ ਨਰਸਾਂ ਦੀ ਛਾਂਗੀ

## ਵਿਰੋਧੀ ਧਿਰ ਤੇ ਯੂਨੀਅਨ ਵੱਲੋਂ ਵਿਰੋਧ

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗ੍ਰੇਟਰ ਟੋਰਾਂਟੋ ਏਰੀਆ ਸਥਿਤ ਇੱਕ ਹਸਪਤਾਲ ਵਿੱਚ ਕੰਮ ਕਰਨ ਵਾਲੇ 97 ਫਰੰਟ ਲਾਈਨ ਵਰਕਰਜ਼ (ਨਰਸਾਂ) ਦੀ ਛਾਂਗੀ ਕਰ ਦਿੱਤੀ ਗਈ। ਇਸ ਉੱਤੇ ਓਨਟਾਰੀਓ ਦੀ ਮੁੱਖ ਵਿਰੋਧੀ ਧਿਰ ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਅਜਿਹੀ ਮਹਾਂਮਾਰੀ ਦਰਮਿਆਨ ਇਸ ਤਰ੍ਹਾਂ ਅਸੈਂਸ਼ੀਅਲ ਸਿਹਤ ਮੁਲਾਜ਼ਮਾਂ ਦੀ ਛਾਂਗੀ ਕਿਵੇਂ ਕੀਤੀ ਜਾ ਸਕਦੀ ਹੈ?

ਮੰਗਲਵਾਰ ਨੂੰ ਨਿਊਮਾਰਕਿਟ, ਓਨਟਾਰੀਓ ਵਿੱਚ ਸਾਊਥਲੇਕ ਰੀਜਨਲ ਹੈਲਥ ਸੈਂਟਰ ਵੱਲੋਂ 97 ਰਜਿਸਟਰਡ ਨਰਸਾਂ ਦੀ ਛਾਂਗੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਇਹ ਵੀ ਆਖਿਆ ਗਿਆ ਹੈ



ਕਿ ਇਹ ਫੈਸਲਾ ਹਸਪਤਾਲ ਦੀ ਵਿੱਤੀ ਸਥਿਤੀ ਨਾਜ਼ੁਕ ਹੋਣ ਕਰਕੇ ਲਿਆ ਗਿਆ ਹੈ। ਹਸਪਤਾਲ ਦੇ ਬੁਲਾਰੇ ਨੇ ਲਿਖਤੀ ਬਿਆਨ ਵਿੱਚ ਆਖਿਆ ਕਿ ਪ੍ਰੋਵਿੰਸ ਦੇ ਕੁੱਝ ਹੋਰਨਾਂ ਹਸਪਤਾਲਾਂ ਵਾਂਗ ਹੀ ਸਾਊਥਲੇਕ ਨੂੰ ਵੀ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਨ੍ਹਾਂ ਕੁੱਝ ਤਬਦੀਲੀਆਂ ਦਾ ਐਲਾਨ ਵੀ ਕੀਤਾ। ਇਸ ਦੇ ਨਾਲ ਹੀ ਇਹ ਵੀ ਆਖਿਆ ਗਿਆ ਕਿ ਹਸਪਤਾਲ ਵੱਲੋਂ ਮਿਆਰੀ ਸੇਵਾਵਾਂ ਦੇਣਾ ਜਾਰੀ ਰੱਖਿਆ ਜਾਵੇਗਾ।

ਇਸ ਦੌਰਾਨ ਓਨਟਾਰੀਓ ਨਰਸਿਜ਼ ਐਸੋਸਿਏਸ਼ਨ (ਓਐਨਏ), ਜੋ ਕਿ 68000 ਰਜਿਸਟਰਡ ਨਰਸਾਂ ਅਤੇ ਹੈਲਥ ਕੇਅਰ ਪ੍ਰੋਫੈਸ਼ਨਲਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਆਖਿਆ ਕਿ ਇਸ ਨਾਲ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਉੱਤੇ ਮਾੜਾ ਅਸਰ ਪਵੇਗਾ। ਓਐਨਏ ਦੀ ਪ੍ਰੈਜ਼ੀਡੈਂਟ ਵਿੱਕੀ ਮੈਕੇਨਾ ਨੇ ਆਖਿਆ ਕਿ ਦੁਨੀਆ ਭਰ ਵਿੱਚ ਫੈਲੀ ਮਹਾਂਮਾਰੀ ਤੇ ਫਲੂ ਦਾ ਸੀਜ਼ਨ ਸ਼ੁਰੂ ਹੋਣ ਸਮੇਂ ਇਸ ਤਰ੍ਹਾਂ ਫਰੰਟ ਲਾਈਨ ਵਰਕਰਜ਼ ਦੀ ਛਾਂਗੀ ਕੌਣ ਕਰਦਾ ਹੈ, ਉਹ ਵੀ ਉਦੋਂ ਜਦੋਂ ਦੇਸ਼ ਭਰ ਵਿੱਚ ਕੋਵਿਡ-19 ਦੀ ਸੈਕਿੰਡ ਵੇਵ ਸ਼ੁਰੂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਫੈਸਲੇ ਫੌਰੀ ਤੌਰ ਉੱਤੇ ਬੰਦ ਹੋਣੇ ਚਾਹੀਦੇ ਹਨ। ਮੈਕੇਨਾ ਨੇ ਆਖਿਆ ਕਿ ਬਜਟਰੀ ਕਾਰਨਾਂ ਕਰਕੇ ਕੀਤੀਆਂ ਗਈਆਂ ਇਨ੍ਹਾਂ ਛਾਂਗੀਆਂ ਦਾ ਪਤਾ ਲਾਉਣ ਲਈ ਆਡਿਟ ਕਰਵਾਇਆ ਜਾਣਾ ਚਾਹੀਦਾ ਹੈ।

# ਛਾਪੇਮਾਰੀ ਦੌਰਾਨ ਘਰ ਵਿੱਚੋਂ ਮਿਲੀ ਨਕਦੀ, ਨਸ਼ੀਲੀਆਂ ਦਵਾਈਆਂ ਤੇ ਮਸ਼ੀਨਗੰਨਜ਼

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਇਸ ਹਫਤੇ ਨੌਰਥ ਯੌਰਕ ਵਿੱਚ ਕੀਤੀ ਗਈ ਛਾਪੇਮਾਰੀ ਵਿੱਚ ਬਰਾਮਦ ਹੋਈ ਨਕਦੀ, ਨਸ਼ੀਲੀਆਂ ਦਵਾਈਆਂ ਤੇ ਸਬ ਮਸ਼ੀਨਗੰਨ ਤੋਂ ਬਾਅਦ ਟੋਰਾਂਟੋ ਦੇ 27 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ ਤੇ ਉਸ ਉੱਤੇ 15 ਮੁਜਰਮਾਨਾਂ ਚਾਰਜਜ ਲਾਏ ਗਏ ਹਨ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਨੌਰਥ ਯੌਰਕ ਦੀਆਂ ਦੋ ਥਾਂਵਾਂ, ਯੌਰਕ ਮਿੱਲਜ਼ ਰੋਡ ਤੇ ਸਿਲਵਰਡੇਲ ਕ੍ਰੀਸੈਂਟ, ਅਤੇ ਬੀਕ੍ਰਾਫਟ ਰੋਡ ਤੇ ਸੈਪਰਡ ਐਵਨਿਊ ਉੱਤੇ ਛਾਪੇਮਾਰੀ ਕੀਤੀ ਗਈ। ਪੁਲਿਸ ਪਾਰਕ ਕੀਤੀਆਂ ਕਾਰਾਂ ਦੀ ਵੀ ਭਾਲ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ



ਉਨ੍ਹਾਂ ਨੂੰ 40,000 ਡਾਲਰ ਨਕਦੀ, ਕ੍ਰਿਸਟਲ ਮੈਥਾਮਫੈਟਾਮਾਈਨ, ਐਮਡੀਐਮਏ ਤੇ ਕੋਕੀਨ ਵੀ ਬਰਾਮਦ ਹੋਈ ਹੈ ਤੇ ਇਨ੍ਹਾਂ ਦੀ ਮਾਰਕਿਟ ਵਿੱਚ ਕੀਮਤ 128, 000 ਡਾਲਰ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਦੋ ਸੈਮੀ ਆਟੋਮੈਟਿਕ ਹੈਂਡਗੰਨਜ ਤੇ ਇੱਕ ਸਬ ਮਸੀਨ ਗੰਨ ਵੀ ਬਰਾਮਦ ਕੀਤੀਆਂ ਹਨ। ਇਨ੍ਹਾਂ ਗੰਨਜ ਲਈ ਲੋੜੋਂ ਵੱਡੇ ਮੈਗਜੀਨ ਵੀ ਬਰਾਮਦ ਕੀਤੇ ਗਏ ਹਨ। ਸਲੀਮ ਸਲੈਮੀ ਨੂੰ ਇਸ ਸਬੰਧ ਵਿੱਚ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਖਿਲਾਫ 15 ਮਾਮਲੇ ਦਰਜ ਕੀਤੇ ਗਏ ਹਨ।

# ਸਪਾਊਸਲ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਤੇਜ਼ੀ ਲਿਆਵੇਗੀ ਆਈ ਆਰ ਸੀ ਸੀ

...ਪੰਨਾ 1 ਦਾ ਬਾਕੀ

ਇਸ ਨਾਲ ਸਪਾਊਸਲ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ ਤੇ ਜੋੜਿਆਂ ਲਈ ਉਡੀਕ ਦੇ ਸਮੇਂ ਵਿੱਚ ਵਾਧਾ ਹੋਵੇਗਾ। ਆਈ ਆਰ ਸੀ ਸੀ ਆਪਣੇ ਇਸ ਪ੍ਰੋਜੈਕਟ ਲਈ ਪੇਪਰ ਐਪਲੀਕੇਸ਼ਨਜ਼ ਨੂੰ ਡਿਜੀਟਲ ਰੂਪ ਦੇਣ ਜਾ ਰਹੀ ਹੈ ਤਾਂ ਕਿ ਦੂਰ ਦਰਾਜ ਬੈਠੇ ਆਈ ਆਰ ਸੀ ਸੀ ਕਰਮਚਾਰੀ ਵੱਖ ਵੱਖ ਸਾਈਟਸ ਤੋਂ ਸੁਚੱਜੇ ਢੰਗ ਨਾਲ ਇਨ੍ਹਾਂ ਅਰਜ਼ੀਆਂ ਸਹੀ ਢੰਗ ਨਾਲ ਪ੍ਰੋਸੈੱਸ ਕਰ ਸਕਣ। ਇਸ ਤੋਂ ਇਲਾਵਾ ਬਾਇਓਮੀਟ੍ਰਿਕ ਮਾਪਦੰਡਾਂ ਨੂੰ ਲਾਗੂ ਕਰਵਾਉਣ ਲਈ ਵੀ ਤਕਨਾਲੋਜੀ ਦਾ ਸਹਾਰਾ ਲਿਆ ਜਾਵੇਗਾ। ਆਉਣ ਵਾਲੇ ਹਫਤਿਆਂ ਵਿੱਚ ਪਬਲਿਕ ਹੈਲਥ ਪ੍ਰੋਟੋਕਾਲਜ਼ ਨੂੰ ਧਿਆਨ ਵਿੱਚ ਰੱਖਦਿਆਂ ਬਿਨੈਕਾਰਾਂ ਨਾਲ ਦੂਰ ਦਰਾਜ ਤੋਂ ਹੀ ਇੰਟਰਵਿਊ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਇਨ੍ਹਾਂ ਪਹਿਲਕਦਮੀਆਂ ਨਾਲ ਆਈ ਆਰ ਸੀ ਸੀ ਅਕਤੂਬਰ ਤੋਂ ਲੈ ਕੇ ਦਸੰਬਰ 2020 ਤੱਕ ਹਰ ਮਹੀਨੇ 6000 ਸਪਾਊਸਲ ਐਪਲੀਕੇਸ਼ਨਜ਼ ਉੱਤੇ ਤੇਜ਼ੀ ਨਾਲ ਕੰਮ ਸ਼ੁਰੂ ਕਰਨ ਤੋਂ ਲੈ ਕੇ ਇਸ ਨੂੰ ਪੂਰਾ ਕਰਨ ਉੱਤੇ ਜ਼ੋਰ ਦੇਵੇਗੀ। ਇਸ ਲਿਹਾਜ ਨਾਲ ਇਸ ਸਾਲ ਦੇ ਅੰਤ ਤੱਕ 49,000 ਅਰਜ਼ੀਆਂ ਉੱਤੇ ਫੈਸਲਾ ਸੁਣਾ ਦਿੱਤਾ ਜਾਵੇਗਾ।

ਕੋਵਿਡ-19 ਕਾਰਨ ਆਪਣੇ ਸਪਾਊਸਿਜ਼ ਨੂੰ ਸਪੌਂਸਰ ਕਰਨ ਵਾਲੇ ਕੈਨੇਡੀਅਨਜ਼ ਨੂੰ ਦਿੱਕਤ ਆ ਰਹੀ ਹੈ ਪਰ ਅਸੀਂ ਪਰਿਵਾਰਾਂ ਨੂੰ ਇੱਕਠਾ ਕਰਨ ਲਈ ਨਿਵੇਕਲੇ ਰਾਹ ਕੱਢਣੇ ਜਾਰੀ ਰੱਖਾਂਗੇ।

# ਟੋਰਾਂਟੋ ਸਿਟੀ ਕਾਉਂਸਲਰ ਜਿੰਮ ਕਿਰਿਯਾਕਿਸ ਨੂੰ ਆਫਿਸ ਤੋਂ ਹਟਾਇਆ ਗਿਆ

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਉਂਸਲਰ ਜਿੰਮ ਕਿਰਿਯਾਕਿਸ ਨੂੰ ਇੱਕ ਵਾਰੀ ਫਿਰ ਆਫਿਸ ਤੋਂ ਹਟਾ ਦਿੱਤਾ ਗਿਆ ਹੈ।

ਆਪਣੇ ਅਹੁਦੇ ਉੱਤੇ ਬਣੇ ਰਹਿਣ ਦੇ ਕਿਰਿਯਾਕਿਸ ਦੇ ਦਾਅਵੇ ਉੱਤੇ ਸੁਪਰੀਮ ਕੋਰਟ ਆਫ ਕੈਨੇਡਾ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ 2018 ਦੀਆਂ ਚੋਣਾਂ ਦੌਰਾਨ ਖਰਚਾ ਕਰਨ ਦੀ ਹੱਦ ਨੂੰ ਪਾਰ ਕਰਕੇ 25000 ਡਾਲਰ ਵਾਧੂ ਖਰਚਣ ਵਾਲੇ ਕਿਰਿਯਾਕਿਸ ਨੂੰ ਆਫਿਸ ਤੋਂ ਬਾਹਰ ਕੀਤਾ ਜਾ ਰਿਹਾ ਹੈ।

ਓਨਟਾਰੀਓ ਦੇ ਮਿਊਂਸਪਲ ਐਕਟ ਤਹਿਤ ਇਸ ਤਰ੍ਹਾਂ ਦੇ ਵਾਧੂ ਖਰਚੇ ਕਾਰਨ ਆਟੋਮੈਟਿਕ ਢੰਗ ਨਾਲ ਆਫਿਸ ਜ਼ਬਤ ਕਰਨ ਦਾ ਪ੍ਰਬੰਧ ਹੈ। ਓਨਟਾਰੀਓ



ਸੁਪਰੀਮ ਕੋਰਟ ਦੇ ਜੱਜ ਨੇ ਕਿਰਿਯਾਕਿਸ ਨੂੰ ਦੋਸ਼ ਸਿੱਧ ਹੋਣ ਤੱਕ ਆਪਣੀ ਸੀਟ ਉੱਤੇ ਬਣੇ ਰਹਿਣ ਲਈ ਆਖਿਆ ਸੀ। ਪਰ ਕਿਰਿਯਾਕਿਸ ਨੇ ਕੁੱਝ ਵੀ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਓਨਟਾਰੀਓ ਕੋਰਟ ਆਫ ਅਪੀਲ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਤੇ ਆਖਿਆ ਕਿ ਜ਼ਬਤੀ ਤੋਂ ਰਾਹਤ ਮੁਹੱਈਆ ਕਰਵਾਉਣ ਲਈ ਕੋਈ ਅਧਿਕਾਰ ਖੇਤਰ ਨਿਰਧਾਰਤ ਨਹੀਂ ਹੈ। ਸੁਪਰੀਮ ਕੋਰਟ ਨੇ ਵੀ ਅਪੀਲ ਦੀ ਸੁਣਵਾਈ ਤੋਂ ਇਨਕਾਰ ਕਰਨ ਲਈ ਕੋਈ ਕਾਰਨ ਨਹੀਂ ਦਿੱਤਾ।

ਮੇਅਰ ਜੌਨ ਟੋਰੀ ਤੋਂ ਅਗਲੇ ਕਦਮ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਆਖਿਆ ਕਿ ਸੀਟ ਨੂੰ ਖਾਲੀ ਕਰਾਰ ਦੇਣ ਤੋਂ ਪਹਿਲਾਂ ਅਗਲੇ ਹਫਤੇ ਹੋਣ ਵਾਲੀ ਕਾਉਂਸਲ ਦੀ ਮੀਟਿੰਗ ਤੱਕ ਦਾ ਇੰਤਜ਼ਾਰ ਕਰਨਾ ਹੋਵੇਗਾ। ਫਿਰ ਇੱਕ ਨਿਰਧਾਰਤ ਸਮਾਂ ਸੀਮਾਂ ਵਿੱਚ ਕਾਉਂਸਲ ਨੂੰ ਫੈਸਲਾ ਲੈਣਾ ਹੋਵੇਗਾ। ਉਸ ਮਗਰੋਂ ਜਾਂ ਤਾਂ ਜ਼ਿਮਨੀ ਚੋਣਾਂ ਹੋਣਗੀਆਂ ਤੇ ਜਾਂ ਫਿਰ ਸੀਟ ਭਰਨ ਲਈ ਕਿਸੇ ਨੂੰ ਨਿਯੁਕਤ ਕੀਤਾ ਜਾਵੇਗਾ। ਆਪਣੀ ਵੈੱਬਸਾਈਟ ਉੱਤੇ ਪਾਈ ਇੱਕ ਪੋਸਟ ਵਿੱਚ ਕਿਰਿਯਾਕਿਸ ਨੇ ਆਖਿਆ ਹੈ ਕਿ ਉਹ ਸਿਆਸਤ ਛੱਡ ਰਹੇ ਹਨ।

# ਫੋਰਡ ਦਾ ਸਟਾਫ ਮੈਂਬਰ ਆਇਆ ਕੋਵਿਡ-19 ਪਾਜ਼ੀਟਿਵ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੇ ਅਮਲੇ ਦਾ ਇੱਕ ਮੈਂਬਰ ਕੋਵਿਡ-19 ਪਾਜ਼ੀਟਿਵ ਪਾਇਆ ਗਿਆ ਹੈ।

ਇੱਕ ਬਿਆਨ ਜਾਰੀ ਕਰਕੇ ਫੋਰਡ ਆਫਿਸ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਕਿ ਪ੍ਰੀਮੀਅਰ ਦੀ ਟੂਰ ਟੀਮ ਦਾ ਜੂਨੀਅਰ ਮੈਂਬਰ ਪਾਜ਼ੀਟਿਵ ਪਾਇਆ ਗਿਆ ਹੈ। ਇਹ ਵੀ ਦੱਸਿਆ ਗਿਆ



ਹੈ ਕਿ ਡੱਗ ਫੋਰਡ ਦਾ ਇਸ ਸਟਾਫ ਮੈਂਬਰ ਨਾਲ ਕਿਸੇ ਤਰ੍ਹਾਂ ਵੀ ਦੂਰ ਨੇੜੇ ਦਾ ਸੰਪਰਕ ਨਹੀਂ ਰਿਹਾ।

ਪ੍ਰੀਮੀਅਰ ਦੇ ਆਫਿਸ ਵੱਲੋਂ ਵੀ ਇਹ ਆਖਿਆ ਗਿਆ ਹੈ ਕਿ ਕੋਵਿਡ ਦੇ ਲੱਛਣਾਂ ਬਾਰੇ ਫੋਰਡ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇਗੀ ਤੇ ਲੋੜ ਪੈਣ ਉੱਤੇ ਢੁਕਵੇਂ ਕਦਮ ਚੁੱਕੇ ਜਾਣਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਕੋਵਿਡ-19 ਟੈਸਟਿੰਗ ਵਿੱਚ ਸੁਧਾਰ ਕਰਨ ਤੇ ਹਰ ਖੇਤਰ ਲਈ ਬੈਨੇਫਿਟ ਪ੍ਰੋਗਰਾਮ ਸ਼ੁਰੂ ਕਰਨ ਦਾ ਲਿਬਰਲਾਂ ਨੇ ਪ੍ਰਗਟਾਇਆ ਤਹੱਈਆ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਘੱਟ ਗਿਣਤੀ ਲਿਬਰਲ ਸਰਕਾਰ ਵੱਲੋਂ ਬਹੁਤ ਹੀ ਤਾਂਘਵਾਨ ਯੋਜਨਾ ਦਾ ਖੁਲਾਸਾ ਕੀਤਾ ਗਿਆ ਹੈ। ਇਸ ਤਹਿਤ ਫੈਡਰਲ ਸਰਕਾਰ ਵੱਲੋਂ ਇੱਕ ਮਿਲੀਅਨ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਸੁਸਾਇਟੀ ਦੇ ਲੱਗਭਗ ਹਰ ਖੇਤਰ ਲਈ ਬੈਨੇਫਿਟ ਪ੍ਰੋਗਰਾਮ ਸ਼ੁਰੂ ਕਰਨ ਜਾਂ ਅਜਿਹੇ ਪ੍ਰੋਗਰਾਮਾਂ ਦਾ ਪਸਾਰ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਬੁੱਧਵਾਰ ਨੂੰ ਦਿੱਤੇ ਰਾਜ ਭਾਸ਼ਣ ਵਿੱਚ ਲਿਬਰਲਾਂ ਨੇ ਇਹ ਸੰਕੇਤ ਵੀ ਦਿੱਤਾ ਹੈ ਕਿ ਉਹ ਕਲਾਈਮੇਟ ਚੇਂਜ, ਆਰਥਿਕ ਅਸਮਾਨਤਾ ਤੇ ਪ੍ਰਣਾਲੀਗਤ ਨਸਲਵਾਦ ਨਾਲ ਸਿੱਝਣ ਦੀ ਕੋਸ਼ਿਸ਼ ਵੀ ਕਰਨੀ ਚਾਹੁੰਦੇ ਹਨ। ਰਾਜ ਭਾਸ਼ਣ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਕਿ ਜੇ ਕੋਵਿਡ-19 ਮਹਾਂਮਾਰੀ ਨੂੰ ਨਿਯੰਤਰਣ ਵਿੱਚ ਨਾ ਲਿਆਂਦਾ ਗਿਆ ਤਾਂ ਬਹੁਤਾ ਕੁੱਝ ਹੋ ਪਾਉਣਾ ਸੰਭਵ ਨਹੀਂ ਹੋ ਸਕੇਗਾ।

ਗਵਰਨਰ ਜਨਰਲ ਜੂਲੀ ਪੇਯੈਟ ਵੱਲੋਂ ਸੈਨੇਟ ਵਿੱਚ ਪੜ੍ਹੇ ਗਏ ਇਸ ਰਾਜ ਭਾਸ਼ਣ ਵਿੱਚ ਆਖਿਆ ਗਿਆ ਕਿ ਸਾਨੂੰ ਇਨ੍ਹਾਂ ਚੁਣੌਤੀਆਂ ਨਾਲ ਅੱਜ ਹੀ ਸਿੱਝਣਾ ਹੋਵੇਗਾ। ਪਰ ਅਸੀਂ ਭਵਿੱਖ ਵਿੱਚ ਆਉਣ ਵਾਲੇ ਇਮਤਿਹਾਨਾਂ ਨੂੰ ਵੀ ਭੁਲਾ ਨਹੀਂ ਸਕਦੇ। ਕੋਵਿਡ-19 ਦੀ ਸੰਭਾਵੀ ਸੈਕਿੰਡ ਵੇਵ ਨੂੰ ਠੱਲ੍ਹ ਪਾਉਣ ਲਈ ਸਾਨੂੰ ਟੈਸਟਿੰਗ ਸਮਰੱਥਾ ਵਿੱਚ ਵਾਧਾ ਕਰਨਾ ਹੋਵੇਗਾ। ਇਸ ਤੋਂ ਇਲਾਵਾ ਲੋਕਲ ਪਬਲਿਕ ਹੈਲਥ ਦੇ ਹੁਕਮਾਂ ਕਾਰਨ ਬੰਦ ਕੀਤੇ ਜਾਣ ਵਾਲੇ ਕਾਰੋਬਾਰਾਂ ਦੀ ਮਦਦ ਲਈ ਵੀ ਸਾਨੂੰ ਅੱਗੇ ਆਉਣਾ ਹੋਵੇਗਾ।



ਲਿਬਰਲਾਂ ਵੱਲੋਂ ਇੰਪਲੌਇਮੈਂਟ ਇੰਸ਼ੋਰੈਂਸ ਸਿਸਟਮ ਦੇ ਪਸਾਰ ਦਾ ਵਾਅਦਾ ਵੀ ਕੀਤਾ ਗਿਆ ਹੈ। ਇਸ ਦੌਰਾਨ ਉਨ੍ਹਾਂ ਲਈ ਨਵੇਂ ਬੈਨੇਫਿਟ ਦਾ ਵਾਅਦਾ ਕੀਤਾ ਗਿਆ ਹੈ ਜਿਹੜੇ ਪਹਿਲਾਂ ਵਾਲੇ ਇੰਸ਼ੋਰੈਂਸ ਸਿਸਟਮ ਲਈ ਯੋਗ ਨਹੀਂ ਬੈਠਦੇ। ਇਸ ਤੋਂ ਇਲਾਵਾ ਸਰਕਾਰ ਨੇ ਅਗਲੀਆਂ ਗਰਮੀਆਂ ਤੱਕ ਫੈਡਰਲ ਵੇਜ ਸਬਸਿਡੀ ਪ੍ਰੋਗਰਾਮ ਵਿੱਚ ਵਾਧਾ ਕਰਨ ਦਾ ਐਲਾਨ ਵੀ ਕੀਤਾ ਤੇ ਕੈਨੇਡਾ ਦੇ ਸੱਭ ਤੋਂ ਵੱਧ ਨੁਕਸਾਨੇ ਗਏ ਸੈਕਟਰਜ਼ ਲਈ ਹੋਰ ਆਰਥਿਕ ਮਦਦ ਮੁਹੱਈਆ ਕਰਵਾਉਣ ਦੀ ਗੱਲ ਵੀ ਆਖੀ।

ਇਸ ਭਾਸ਼ਣ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਵਾਧੂ ਟੈਸਟਿੰਗ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਟੈਸਟਿੰਗ ਦੇ ਹੋਰ ਤਰੀਕਿਆਂ ਨਾਲ ਓਨਟਾਰੀਓ ਵਿੱਚ ਕੰਮ ਕਰ ਰਹੇ 140 ਅਸੈੱਸਮੈਂਟ ਸੈਂਟਰਾਂ ਉੱਤੇ ਦਬਾਅ ਕਾਫੀ ਘੱਟ ਜਾਵੇਗਾ। ਸੱਤਾ ਵਿੱਚ ਬਣੇ ਰਹਿਣ ਲਈ ਲਿਬਰਲ ਸਰਕਾਰ ਦਾ ਮੁੱਖ ਟੀਚਾ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣਾ ਤੇ ਕੈਨੇਡੀਅਨਾਂ ਦੀ ਹਰ ਸੰਭਵ ਮਦਦ ਕਰਨਾ ਹੈ।

ਹੁਣ ਰਾਜ ਭਾਸ਼ਣ ਦੇ ਆਧਾਰ ਉੱਤੇ ਲਿਬਰਲ ਪਾਰਟੀ ਨੂੰ ਭਰੋਸੇ ਦਾ ਵੋਟ ਹਾਸਲ ਕਰਨਾ ਹੋਵੇਗਾ ਤੇ ਆਪਣੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਲਈ ਲਿਬਰਲਾਂ ਨੂੰ ਹਾਊਸ ਆਫ ਕਾਮਨਜ਼ ਵਿੱਚ ਤਿੰਨ ਮੁੱਖ ਵਿਰੋਧੀ ਪਾਰਟੀਆਂ ਵਿੱਚੋਂ ਕਿਸੇ ਇੱਕ ਦਾ ਸਮਰਥਨ ਹਾਸਲ ਕਰਨਾ ਹੋਵੇਗਾ।

## ਸਕੂਲ ਦੇ ਬਾਹਰ ਸਰਿੰਜਾਂ ਸੁੱਟਣ ਵਾਲਾ ਮਸ਼ਕੂਕ ਕਾਬੂ

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਮਿੱਡਟਾਊਨ ਐਲੀਮੈਂਟਰੀ ਸਕੂਲ ਦੇ ਬਾਹਰ ਵਰਤੀਆਂ ਹੋਈਆਂ ਸਰਿੰਜਾਂ ਸੁੱਟਣ ਵਾਲੇ ਵਿਅਕਤੀ ਨੂੰ ਟੋਰਾਂਟੋ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਪੁਲਿਸ ਨੇ 44 ਸਾਲਾ ਐਂਥਨੀ ਪਰਚੇਸ ਨੂੰ ਗ੍ਰਿਫਤਾਰ ਕੀਤਾ ਹੈ, ਇਸ ਦਾ ਕੋਈ ਪੱਕਾ ਪਤਾ-ਟਿਕਾਣਾ ਨਹੀਂ ਹੈ। ਉਸ ਉੱਤੇ ਸ਼ਰਾਰਤ ਕਰਨ ਤੇ ਪ੍ਰੋਬੇਸ਼ਨ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਦਾ ਦੋਸ਼ ਹੈ। ਉਸ ਨੂੰ ਵੀਰਵਾਰ ਸਵੇਰੇ ਕਾਲਜ ਪਾਰਕ ਕੋਰਟ ਸਾਹਮਣੇ ਪੇਸ਼ ਕੀਤਾ ਜਾਵੇਗਾ।

ਪੁਲਿਸ ਨੇ ਦੱਸਿਆ ਕਿ ਪੈਕੇਜ, ਜਿਸ ਵਿੱਚ ਕਈ ਵਰਤੀਆਂ ਹੋਈਆਂ ਸਰਿੰਜਾਂ ਸਨ, ਮੰਗਲਵਾਰ ਸਵੇਰੇ 10:00 ਵਜੇ




ਐਗਲਿੰਟਨ ਜੂਨੀਅਰ ਪਬਲਿਕ ਸਕੂਲ ਦੇ ਬਾਹਰ ਛੱਡਿਆ ਗਿਆ ਸੀ। ਸਕਿਊਰਿਟੀ ਕੈਮਰਾ ਫੁਟੇਜ ਵਿੱਚ ਬੜੀ ਸਾਫ ਤਸਵੀਰ ਨਜ਼ਰ ਆਉਣ ਕਾਰਨ ਕਿਸੇ ਨੇ ਮਸ਼ਕੂਕ ਦੀ ਪਛਾਣ ਕਰ ਲਈ ਤੇ ਉਸ ਤੋਂ ਬਾਅਦ ਹੀ ਉਸ ਨੂੰ ਗ੍ਰਿਫਤਾਰ ਕੀਤਾ ਗਿਆ।

## ਸੈਕਿੰਡ ਵੇਵ ਦੀ ਚਪੇਟ ਵਿੱਚ ਆ ਚੁੱਕਿਆ ਹੈ ਦੇਸ਼ ਦਾ ਬਹੁਤਾ ਹਿੱਸਾ: ਟਰੂਡੋ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਦਾ ਬਹੁਤਾ ਹਿੱਸਾ ਪਹਿਲਾਂ ਹੀ ਕੋਵਿਡ-19 ਦੀ ਸੈਕਿੰਡ ਵੇਵ ਦੀ ਚਪੇਟ ਵਿੱਚ ਆ ਚੁੱਕਿਆ ਹੈ।

ਇਸ ਤੋਂ ਪਹਿਲਾਂ ਰਾਜ ਭਾਸ਼ਣ ਵਿੱਚ ਮਹਾਂਮਾਰੀ ਤੋਂ ਦੇਸ਼ ਨੂੰ ਬਚਾਉਣ ਦੀ ਫੈਡਰਲ ਸਰਕਾਰ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਤੇ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਲਈ ਦਿੱਤੀ ਜਾਣ ਵਾਲੀ ਮਦਦ ਦਾ ਖੁਲਾਸਾ ਕੀਤਾ ਗਿਆ। ਰਾਜ ਭਾਸ਼ਣ ਤੋਂ ਬਾਅਦ ਆਪਣੇ ਪਾਰਲੀਆਮੈਂਟ ਹਿੱਲ ਦੇ ਆਫਿਸ ਤੋਂ ਦੇਸ਼ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਸਾਡੇ ਚਾਰ ਵੱਡੇ ਪ੍ਰੋਵਿੰਸਾਂ ਵਿੱਚ ਸੈਕਿੰਡ ਵੇਵ ਸ਼ੁਰੂ ਹੋਣ ਵਾਲੀ ਨਹੀਂ ਹੈ ਸਗੋਂ ਸ਼ੁਰੂ ਹੋ ਚੁੱਕੀ ਹੈ। ਇਸ ਵਾਰੀ ਸਾਲ ਦਾ ਅੰਤ ਬਸੰਤ ਵਾਲੇ ਮਾਹੌਲ ਨਾਲੋਂ ਵੀ ਖਤਰਨਾਕ ਹੋ ਸਕਦਾ ਹੈ।

ਦੇਸ਼ ਨੂੰ ਕੀਤੀ ਗਈ ਅਪੀਲ ਵਿੱਚ ਪ੍ਰਧਾਨ ਮੰਤਰੀ ਨੇ ਆਖਿਆ ਕਿ ਖੁਦ ਦੀ ਹਿਫਾਜ਼ਤ ਲਈ ਲੋਕਾਂ ਨੂੰ ਢੁਕਵੇਂ ਮਾਪਦੰਡ ਅਪਨਾਉਣੇ ਚਾਹੀਦੇ ਹਨ। ਉਨ੍ਹਾਂ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਹੁਣ ਪਾਰਟੀਆਂ ਵਾਲਾ ਮਾਹੌਲ ਨਹੀਂ ਹੈ ਤੇ ਨਾ ਹੀ ਕਿਸੇ ਨੂੰ ਇਹ ਗਲਤਫਹਿਮੀ ਪਾਲਣੀ ਚਾਹੀਦੀ ਹੈ ਕਿ ਉਸ ਨੂੰ ਵਾਇਰਸ ਨਹੀਂ ਹੋ ਸਕਦਾ। ਟਰੂਡੋ ਨੇ ਹੇਠ ਲਿਖੇ ਵਾਅਦੇ ਵੀ ਕੀਤੇ :

- ਟੈਸਟਿੰਗ ਵਿੱਚ ਵਾਧਾ ਕਰਨ ਲਈ ਪ੍ਰੋਵਿੰਸਾਂ ਦੀ ਮਦਦ ਕਰਨਾ
- ਕਾਰੋਬਾਰਾਂ ਲਈ ਵੇਜ ਸਬਸਿਡੀ ਵਿੱਚ ਵਾਧਾ
- ਨੈਸ਼ਨਲ ਚਾਈਲਡ ਕੇਅਰ ਸਿਸਟਮ ਕਾਇਮ ਕਰਨਾ
- ਲਾਂਗ ਟਰਮ ਕੇਅਰ ਲਈ ਨੈਸ਼ਨਲ ਮਾਪਦੰਡ
- ਅਰਥਚਾਰੇ ਲਈ ਗ੍ਰੀਨ ਰਿਕਵਰੀ ਪਲੈਨ

ਪ੍ਰਧਾਨ ਮੰਤਰੀ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਅਜੇ ਵੀ ਦੇਰ ਨਹੀਂ ਹੋਈ ਹੈ ਤੇ ਅਸੀ ਦੇਸ਼ ਦੇ ਹਾਲਾਤ ਬਦਲ ਸਕਦੇ ਹਾਂ। ਅਸੀਂ ਵਾਇਰਸ ਨਾਲ ਸਿੱਝ ਸਕਦੇ ਹਾਂ, ਮਜ਼ਬੂਤ ਭਵਿੱਖ ਦਾ ਨਿਰਮਾਣ ਕਰ ਸਕਦੇ ਹਾਂ ਤੇ ਤਬਦੀਲੀ ਲਿਆ ਸਕਦੇ ਹਾਂ।

## ਓਨਟਾਰੀਓ ਵਿੱਚ ਹੁਣ 60 ਫਾਰਮੇਸੀਜ਼ ਵਿੱਚ ਹੋ ਸਕਣਗੇ ਕੋਵਿਡ-19 ਸਬੰਧੀ ਟੈਸਟ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਕੋਵਿਡ-19 ਟੈਸਟਿੰਗ ਦਾ ਵਿਆਪਕ ਪਸਾਰ ਕਰਨ ਦਾ ਐਲਾਨ ਕੀਤਾ ਗਿਆ ਹੈ। ਹੁਣ ਇਹ ਟੈਸਟਿੰਗ ਪ੍ਰੋਵਿੰਸ ਭਰ ਵਿੱਚ ਕਈ ਫਾਰਮੇਸੀਜ਼ ਉੱਤੇ ਹੋਵੇਗੀ।

ਸਰਕਾਰੀ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਤੋਂ ਓਨਟਾਰੀਓ ਦੀਆਂ 60 ਫਾਰਮੇਸੀਜ਼ ਉੱਤੇ ਅਪੁਆਇੰਟਮੈਂਟ ਤੋਂ ਬਾਅਦ ਟੈਸਟਿੰਗ ਸ਼ੁਰੂ ਕੀਤੀ ਜਾਵੇਗੀ। ਆਉਣ ਵਾਲੇ ਹਫਤਿਆਂ ਵਿੱਚ ਆਨਲਾਈਨ ਹੀ ਹੋਰ ਲੋਕੇਸ਼ਨਜ਼ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਸ ਪਹਿਲਕਦਮੀ ਨਾਲ ਪ੍ਰੋਵਿੰਸ ਦੀ ਟੈਸਟਿੰਗ ਸਮਰੱਥਾ 150 ਅਸੈੱਸਮੈਂਟ ਸੈਂਟਰਾਂ ਤੋਂ ਵੀ ਵੱਧ ਜਾਵੇਗੀ।



ਫੋਰਡ ਨੇ ਆਖਿਆ ਕਿ ਜੇ ਇਸ ਤਰ੍ਹਾਂ ਹੀ ਸੱਭ ਠੀਕ ਰਿਹਾ ਤਾਂ ਅਸੀਂ ਦਿਨ ਦੇ 50,000 ਟੈਸਟ ਕਰਨਾ ਯਕੀਨੀ ਬਣਾ ਸਕਾਂਗੇ ਤੇ ਇਸ ਨਾਲ ਕੋਵਿਡ-19 ਨੂੰ ਅੱਗੇ ਫੈਲਣ ਤੋਂ ਰੋਕਿਆ ਵੀ ਜਾ ਸਕੇਗਾ। ਉਨ੍ਹਾਂ ਇਹ ਖੁਲਾਸਾ ਵੀ ਕੀਤਾ ਕਿ ਫਾਰਮੇਸੀਜ਼ ਇਹ ਚੋਣ ਕਰ ਸਕਦੀਆਂ ਹਨ ਕਿ ਉਹ ਉਨ੍ਹਾਂ ਓਨਟਾਰੀਓ ਵਾਸੀਆਂ ਲਈ ਟੈਸਟ ਦੀ ਸਹੂਲਤ ਦੇਣਗੀਆਂ, ਜਿਨ੍ਹਾਂ ਵਿੱਚ ਕੋਵਿਡ-19 ਦੇ ਕੋਈ ਲੱਛਣ ਨਹੀਂ ਹਨ।

ਇਸ ਮੌਕੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਸਾਨੂੰ ਹਾਲ ਦੀ ਘੜੀ ਆਰਾਮ ਨਾਲ ਨਹੀਂ ਬੈਠਣਾ ਚਾਹੀਦਾ ਕਿਉਂਕਿ ਮਹਾਂਮਾਰੀ ਦਾ ਖਤਰਾ ਅਜੇ ਟਲਿਆ ਨਹੀਂ ਹੈ। ਉਨ੍ਹਾਂ ਕੋਵਿਡ-19 ਮਹਾਂਮਾਰੀ ਨੂੰ ਰੋਕਣ ਵਿੱਚ ਸੱਭ ਨੂੰ ਆਪਣਾ ਬਣਦਾ ਯੋਗਦਾਨ ਪਾਉਣ ਤੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

## ਇਸ ਹਫਤੇ ਓਨਟਾਰੀਓ ਦੇ ਹਸਪਤਾਲਾਂ ਵਿੱਚ ਸ਼ੁਰੂ ਹੋਵੇਗਾ ਸਲਾਇਵਾ ਟੈਸਟ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਇਸ ਹਫਤੇ ਤੋਂ ਓਨਟਾਰੀਓ ਦੇ ਤਿੰਨ ਹਸਪਤਾਲਾਂ ਵਿੱਚ ਕੋਵਿਡ-19 ਲਈ ਸਲਾਇਵਾ ਟੈਸਟ ਵੀ ਹੋਇਆ ਕਰਨਗੇ। ਇਸ ਦੀ ਪੁਸ਼ਟੀ ਕੱਲ੍ਹ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੀਤੀ ਗਈ।

ਇਹ ਟੈਸਟ ਡਾਊਨਟਾਊਨ ਦੇ ਹੇਠ ਲਿਖੇ ਹਸਪਤਾਲਾਂ ਵਿੱਚ ਹੋਇਆ ਕਰਨਗੇ :

- 76 ਗ੍ਰੈਨਵਿਲ ਸਟਰੀਟ ਉੱਤੇ ਸਥਿਤ ਵੁਮਨਜ਼ ਕਾਲਜ ਹਾਸਪਿਟਲ
- 101 ਕਾਲਜ ਸਟਰੀਟ ਉੱਤੇ ਯੂਨੀਵਰਸਿਟੀ ਹੈਲਥ ਨੈੱਟਵਰਕ
- 600 ਯੂਨੀਵਰਸਿਟੀ ਐਵਨਿਊ ਵਿਖੇ ਮਾਊਂਟ ਸਿਨਾਇ ਹਾਸਪਿਟਲ, ਟੋਰਾਂਟੋ

ਇੱਕ ਸੀਨੀਅਰ ਸਰਕਾਰੀ ਸੂਤਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਟੈਸਟ ਬ੍ਰਿਟਿਸ਼ ਕੋਲੰਬੀਆ ਵਿੱਚ ਕੀਤੇ ਜਾਣ ਵਾਲੇ ਟੈਸਟ ਵਰਗਾ ਹੀ ਹੋਵੇਗਾ। ਇਸ ਲਈ ਹੈਲਥ ਕੈਨੇਡਾ ਤੋਂ ਮਨਜ਼ੂਰੀ ਲੈਣ ਦੀ ਵੀ ਕੋਈ ਲੋੜ ਨਹੀਂ। ਪਰ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਲਈ ਉਨ੍ਹਾਂ ਨੂੰ ਲੈਬ ਵਿੱਚ ਭੇਜਿਆ ਜਾਣਾ ਜ਼ਰੂਰੀ ਹੈ।

ਬੀਸੀ ਵਿੱਚ ਪਿਛਲੇ ਹਫਤੇ ਕਿੰਡਰਗਾਰਟਨ ਤੋਂ ਲੈ ਕੇ 12 ਕਲਾਸ ਤੱਕ ਦੇ ਬੱਚਿਆਂ ਲਈ ਸੇਲਾਈਨ ਗਾਰਗਲ ਟੈਸਟ ਵੀ ਸ਼ੁਰੂ ਕੀਤਾ ਗਿਆ ਹੈ। ਇਸ ਲਈ ਬੱਚਿਆਂ ਤੇ ਟੀਨੇਜਰਜ਼ ਲਈ ਕੋਵਿਡ-19 ਸਬੰਧੀ ਜਾਂਚ ਕਰਵਾਉਣਾ ਸੁਖਾਲਾ ਹੋ ਸਕਦਾ ਹੈ। ਪ੍ਰਾਈਵੇਟ ਅਤੇ ਹੈਲਥ ਅਧਿਕਾਰੀਆਂ ਨੇ ਪਿਛਲੇ ਹਫਤੇ ਇਹ ਆਖਿਆ ਸੀ ਕਿ ਸਲਾਇਵਾ ਅਧਾਰਿਤ ਕੋਵਿਡ-19 ਟੈਸਟ ਇਸ ਸਾਲ ਦੇ ਅੰਤ ਤੱਕ ਉਪਲਬਧ ਹੋਵੇਗਾ।

ਪਬਲਿਕ ਹੈਲਥ ਓਨਟਾਰੀਓ ਦੇ ਚੀਫ ਆਫ ਮਾਇਕਰੋਬਾਇਓਲੋਜੀ ਐਂਡ ਲੈਬੋਰੇਟਰੀ ਸਾਇੰਸ ਦਾ ਕਹਿਣਾ ਹੈ ਕਿ ਇਹ ਟੈਸਟ ਬੱਚਿਆਂ ਤੇ ਉਨ੍ਹਾਂ ਵਿਅਕਤੀਆਂ ਲਈ ਲਾਹੇਵੰਦ ਹੈ ਜਿਹੜੇ ਨੱਕ ਵਿੱਚੋਂ ਸਵੈਬ ਰਾਹੀਂ ਜਾਂਚ ਨਹੀਂ ਕਰਵਾ ਸਕਦੇ।

## ਮੋਦੀ ਸਰਕਾਰ ਵੱਲੋਂ ਲਿਆਂਦੀਆਂ ਜਾ ਰਹੀਆਂ ਕਿਸਾਨ ਮਾਰੂ ਨੀਤੀਆਂ ਦੀ ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ ਨਿਖੇਧੀ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਭਾਰਤ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੀਆਂ ਜਾ ਰਹੀਆਂ ਕਿਸਾਨ ਮਾਰੂ ਨੀਤੀਆਂ ਦੀ ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ ਨਿਖੇਧੀ ਕੀਤੀ ਗਈ।

ਇੱਕ ਬਿਆਨ ਜਾਰੀ ਕਰਕੇ ਓਨਟਾਰੀਓ ਗੁਰਦੁਆਰਾਜ਼ ਕਮੇਟੀ ਨੇ ਆਖਿਆ ਕਿ ਭਾਜਪਾ ਦੀ ਅਗਵਾਈ ਵਾਲੀ ਭਾਰਤ ਸਰਕਾਰ ਵੱਲੋਂ ਜਿਹੜੇ ਤਿੰਨ ਕਿਸਾਨ ਮਾਰੂ ਆਰਡੀਨੈਂਸ ਲਿਆਂਦੇ ਗਏ ਹਨ ਇਹ ਨਿਹਾਇਤ ਹੀ ਘਟੀਆ ਹਨ ਤੇ ਇਨ੍ਹਾਂ ਪਿੱਛੇ ਹੋਰ ਕੋਈ ਨਹੀਂ ਸਗੋਂ ਆਰ ਐਸ ਐਸ ਦੀ ਚਾਣਕਿਆ ਨੀਤੀ ਹੀ ਕੰਮ ਕਰ ਰਹੀ ਹੈ।

ਬਿਆਨ ਵਿੱਚ ਅੱਗੇ ਆਖਿਆ ਗਿਆ ਕਿ ਇਹ ਪੰਜਾਬ ਦੇ ਲੋਕਾਂ ਉੱਤੇ ਹੀ ਨਹੀਂ ਸਗੋਂ ਉਚੇਚੇ ਤੌਰ ਉੱਤੇ ਸਿੱਖਾਂ ਉੱਤੇ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਹਮਲਾ ਹੈ। ਕੇਂਦਰ ਸਰਕਾਰ ਕਾਰਪੋਰੇਟਰਾਂ ਦੇ ਬੰਧੂਆ ਮਜ਼ਦੂਰ ਬਣਾ ਕੇ ਪੰਜਾਬੀਆਂ ਦੀ ਅਣਖ ਨੂੰ ਮਾਰਨਾ ਚਾਹੁੰਦੀ ਹੈ। ਬਿਆਨ ਵਿੱਚ ਆਖਿਆ ਗਿਆ ਕਿ ਹੁਣ ਸਰਕਾਰ ਮਨਮਾਨੀਆਂ ਕਰਨ ਉੱਤੇ ਉਤਾਰੂ ਹੋ ਚੁੱਕੀ ਹੈ। ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕਿਸੇ ਨੇ ਅਤਿ ਕੀਤੀ ਹੈ ਤਾਂ ਉਸ ਨੂੰ ਮੂੰਹ ਦੀ ਖਾਣੀ ਪਈ ਹੈ। ਹੁਣ ਮੋਦੀ ਸਰਕਾਰ ਦੇ ਦਿਨ ਵੀ ਗਿਣੇ ਚੁਣੇ ਰਹਿ ਗਏ ਹਨ।

ਓਨਟਾਰੀਓ ਗੁਰਦੁਆਰਾਜ਼ ਕਮੇਟੀ ਨੇ ਆਖਿਆ ਕਿ ਮੋਦੀ ਸਰਕਾਰ ਦੇ ਇਨ੍ਹਾਂ ਕਿਸਾਨ ਵਿਰੋਧੀ ਆਰਡੀਨੈਂਸਾਂ ਦਾ ਵਿਰੋਧ ਕਰਨਾ ਬੇਹੱਦ ਜ਼ਰੂਰੀ ਹੈ। ਹੁਣ ਸਮਾਂ ਆ ਗਿਆ ਹੈ ਕਿ ਕਿਸਾਨ, ਸਾਰੇ ਪੰਜਾਬੀ ਇੱਕਜੁੱਟ ਹੋ ਕੇ ਆਪਣੀ ਵਿਰੋਧ ਦੀ ਆਵਾਜ਼ ਕੇਂਦਰ ਸਰਕਾਰ ਦੇ ਕੰਨਾਂ ਵਿੱਚ ਪਾਉਣ। ਦੂਜੇ ਸੂਬਿਆਂ ਨੂੰ ਵੀ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ। ਵੇਲਾ ਆ ਗਿਆ ਹੈ ਕਿ ਮੋਦੀ ਸਰਕਾਰ ਦੀਆਂ ਆਪਹੁਦਰੀਆਂ ਨੂੰ ਠੱਲ੍ਹ ਪਾਉਣ ਲਈ ਰਲ ਕੇ ਯਤਨ ਕੀਤੇ ਜਾਣ।

ਬਿਆਨ ਵਿੱਚ ਅੱਗੇ ਆਖਿਆ ਗਿਆ ਕਿ ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ ਇਨ੍ਹਾਂ ਆਰਡੀਨੈਂਸਾਂ ਦਾ ਡਟ ਕੇ ਵਿਰੋਧ ਕੀਤਾ ਜਾਂਦਾ ਹੈ। ਅਸੀਂ ਪੰਜਾਬ ਦੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ। ਕਮੇਟੀ ਵੱਲੋਂ ਇਹ ਅਪੀਲ ਵੀ ਕੀਤੀ ਗਈ ਕਿ ਮੋਰਚੇ ਦੀ ਅਗਵਾਈ ਸੁਹਿਰਦ ਵਿਅਕਤੀਆਂ ਹੱਥ ਰੱਖੀ ਜਾਵੇ।

## ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਇਟੋਬੀਕੋ ਵਿਚਲਾ ਪੱਬ ਬੰਦ




ਇਟੋਬੀਕੋ, 24 ਸਤੰਬਰ (ਪੋਸਟ ਬਿਊਰੋ) : ਫਰਕਿਨ ਆਨ ਦ ਬੇਅ ਪੱਬ ਦੇ ਇੱਕ ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਪੱਬ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

ਇਹ ਪੱਬ ਇਟੋਬੀਕੋ ਵਿੱਚ ਲੇਕ ਸ਼ੋਰ ਨੇੜੇ 68 ਮਰੀਨ ਪਰੇਡ ਡਰਾਈਵ ਉੱਤੇ ਸਥਿਤ ਹੈ। ਪੱਬ ਵੱਲੋਂ ਆਪਣੇ ਗਾਹਕਾਂ ਨੂੰ ਲਿਖੇ ਗਏ ਪੱਤਰ ਵਿੱਚ ਆਖਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਇਸ ਆਸ ਨਾਲ ਇਸ ਪੱਬ ਨੂੰ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ ਤਾਂ ਕਿ ਜਦੋਂ ਹਾਲਾਤ ਠੀਕ ਹੋ ਜਾਣ ਤਾਂ ਇਸ ਪੱਬ ਨੂੰ ਮੁੜ ਖੋਲ੍ਹਿਆ ਜਾ ਸਕੇ।

ਜਿਹੜਾ ਕਰਮਚਾਰੀ ਪਾਜ਼ੀਟਿਵ ਆਇਆ ਹੈ ਉਸ ਨੇ ਆਖਰੀ ਵਾਰੀ ਇੱਥੇ 20 ਸਤੰਬਰ ਨੂੰ ਸਵੇਰੇ 10:30 ਤੋਂ ਸ਼ਾਮੀਂ 6:00 ਵਜੇ ਤੱਕ ਕੰਮ ਕੀਤਾ ਸੀ। ਪੱਬ ਦੀ ਮੈਨੇਜਮੈਂਟ ਨੇ ਦੱਸਿਆ ਕਿ ਉਨ੍ਹਾਂ ਟੋਰਾਂਟੋ ਪਬਲਿਕ ਹੈਲਥ ਨਾਲ ਸੰਪਰਕ ਕਰਕੇ ਕਾਂਟਰੈਕਟ ਟਰੇਸਿੰਗ ਸਬੰਧੀ ਵੇਰਵੇ ਸਾਂਝੇ ਕੀਤੇ ਹਨ।

ਪਬਲਿਕ ਹੈਲਥ ਅਧਿਕਾਰੀਆਂ ਦੀ ਗਾਇਡੈਂਸ ਅਨੁਸਾਰ ਇਸ ਲੋਕੇਸ਼ਨ ਦੇ ਸਾਰੇ ਮੁਲਾਜ਼ਮ ਹੀ ਸੈਲਫ ਆਈਸੋਲੇਸ਼ਨ ਵਿੱਚ ਚਲੇ ਗਏ ਹਨ ਤੇ ਕੰਮ ਤੋਂ ਪਰਤਣ ਤੋਂ ਪਹਿਲਾਂ ਉਨ੍ਹਾਂ ਨੂੰ ਟੈਸਟ ਕਰਵਾਉਣੇ ਹੋਣਗੇ।





Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca



"Your neighborhood broker, Call Paramjit Deol Today"

Mississauga $749,000




7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000



3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000



Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000




39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

MISSISSAUGA $299,000

Photo Not Available

7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Misisisauga $749,000



7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000

Photo Not Available

23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000

Photo Not Available

Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000

Photo Not Available

115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

Brampton $749,000



Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000



Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

Oshawa $659,000

Photo Not Available

150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000



124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500



Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888



King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000



Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +. Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਖੇਤੀ ਬਿੱਲਾਂ ਖਿਲਾਫ ਸੰਘਰਸ਼: ਕੈਪਟਨ ਅਮਰਿੰਦਰ ਵੱਲੋਂ ਪੰਜਾਬ ਦੀਆਂ ਸਭ ਸਿਆਸੀ ਧਿਰਾਂ ਨੂੰ ਇਕਜੁੱਟਤਾ ਦੀ ਅਪੀਲ

ਚੰਡੀਗੜ੍ਹ, 24 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਿਸਾਨੀ ਬਿੱਲਾਂ ਦੇ ਮਾਮਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਧਿਰਾਂ ਨੂੰ ਆਪਣੇਛੋਟੇ ਸਿਆਸੀ ਹਿੱਤਾਂਤੋਂ ਉਪਰ ਉਠਣ ਅਤੇ ਪੰਜਾਬ ਦੇ ਕਿਸਾਨਾਂ ਨੂੰ ਤਬਾਹ ਕਰਨ ਵਾਲੇ ਖੇਤੀ ਬਿੱਲਾਂ ਵਿਰੁੱਧ ਇਕੱਠੇ ਹੋ ਕੇ ਲੜਨ ਲਈ ਇਕੋ ਮੰਚ ਉੱਤੇ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇਹਰ ਕੀਮਤ ਉੱਤੇਕਿਸਾਨਾਂ ਦੇ ਹਿੱਤਾਂ ਦੀ ਰਾਖੀ ਦੀ ਵਚਨਬੱਧਤਾ ਪੇਸ਼ ਕਰਦਿਆਂ ਕਿਹਾ ਕਿ ਉਹ ਪੂਰੀ ਤਾਕਤ ਨਾਲ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ ਖਿਲਾਫ ਸਿਆਸੀ ਲੜਾਈ ਲਈ ਇਸ ਰਾਜ ਦੇ ਲੋਕਾਂ ਅਗਵਾਈ ਲਈ ਤਿਆਰ ਹਨ। ਉਨਾਂ ਕਿਹਾ, 'ਇਨਾਂ ਘਾਤਕ ਨਵੇਂ ਕਾਨੂੰਨਾਂ ਤੋਂਕਿਸਾਨਾਂ ਅਤੇ ਪੰਜਾਬ ਨੂੰ ਬਚਾਉਣ ਲਈ ਜੋ ਵੀ ਕਰਨਾ ਪਿਆ, ਕਰਾਂਗਾ। ਇਹ ਕਾਨੂੰਨ ਪੰਜਾਬ ਦੀ ਖੇਤੀਬਾੜੀ ਦੀ ਜੀਵਨ ਰੇਖਾ ਤਬਾਹ ਕਰ ਦੇਣਗੇ।'

ਅੱਜ ਏਥੇ ਜਾਰੀ ਕੀਤੇ ਬਿਆਨ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਕਿਸਾਨਾਂ ਨਾਲ ਡਟ ਕੇ ਮੋਢਾ ਨਾਲ ਮੋਢਾ ਜੋੜ ਕੇ ਖੜੋਵੇਗੀ ਤਾਂ ਕਿ ਕੇਂਦਰ ਸਰਕਾਰ ਦੀਆਂ ਚਾਲਾਂ ਤੋਂ ਨਾ ਸਿਰਫ ਆਪਣੇ ਕਿਸਾਨਾਂ ਤੇ ਕਾਮਿਆਂ, ਸਗੋਂ ਸਮੁੱਚੇ ਪੰਜਾਬ ਨੂੰ ਬਚਾਇਆ ਜਾ ਸਕੇ। ਉਨਾਂ ਕਿਹਾ ਕਿ ਕਿਸਾਨ ਤੇ ਕਿਰਤੀ ਦੇਸ਼ ਦਾ ਢਿੱਡ ਭਰਨ ਲਈ ਦਿਨ-ਰਾਤ ਖੇਤਾਂ ਵਿੱਚ ਪਸੀਨਾ ਵਹਾਉਂਦੇ ਹਨ, ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਹ ਬਿੱਲ ਲਿਆਉਣ ਲਈ ਜਿਸ ਨੀਵੇਂ ਪੱਧਰ ਉੱਤੇ ਚਲੀ ਗਈ ਹੈ, ਉਹ ਪੂਰੀ ਤਰਾਂ ਗੈਰ-ਜਮਹੂਰੀ ਅਤੇ ਗੈਰ-ਪਾਰਲੀਮੈਂਟਰੀ ਹੈ।



ਪੰਜਾਬ ਬਨਾਮ ਕੇਂਦਰ ਦੀ ਲੜਾਈ ਨੂੰ ਅਕਾਲੀਆਂ ਵੱਲੋਂਆਪਣੇ ਹਿੱਤਾਂ ਦੀ ਪੂਰਤੀ ਲਈ ਜਾਣ-ਬੁੱਝ ਕੇ ਸਥਾਨਕ ਰਾਜਸੀ ਟਕਰਾਅ ਵਿੱਚ ਬਦਲ ਦੀਆਂ ਕੋਸ਼ਿਸ਼ਾਂ ਲਈ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਦਾ ਇਤਿਹਾਸ ਬਦਲ ਗਿਆ ਹੈ, ਇਹ ਰਾਜਸੀ ਤਾਕਤ ਦੀ ਥਾਂ ਭਾਜਪਾ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਉਨ੍ਹਾ ਨੇ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਦੇ ਕੇਂਦਰੀ ਕੈਬਨਿਟ ਤੋਂ ਅਸਤੀਫੇ ਨੂੰ ਕੁਰਬਾਨੀ ਕਹਿਣ ਦਾ ਮਜ਼ਾਕ ਉਡਾਇਆ ਅਤੇ ਕਿਹਾ ਕਿ ਇਸ ਤੋਂ ਪਹਿਲਾਂ ਬਾਦਲਾਂ ਨੇ ਪਾਰਟੀ ਨੂੰ ਅਗਵਾ ਕਰ ਕੇ ਆਪਣੇ ਨਿੱਜੀ ਲਾਭ ਲਈ ਵਰਤਿਆ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕਿਸਾਨਾਂ ਲਈ ਹਰ ਕੁਰਬਾਨੀ ਕਰਨ ਦਾ ਮਜ਼ਾਕ ਉਡਾਉਂਦੇ ਹੋਏ ਉਨ੍ਹਾਂ ਕਿਹਾ ਕਿ ਬਾਦਲਾਂ ਨੂੰ ਕੁਰਬਾਨੀ ਦਾ ਅਰਥ ਵੀ ਨਹੀਂ ਪਤਾ, ਕੁਰਬਾਨੀ ਕਰਨੀ ਹੈ ਤਾਂ ਅਕਾਲੀ ਆਗੂ ਹਾਲੇ ਤੱਕਵੀ ਕੇਂਦਰ ਉੱਤੇ ਕਾਬਜ਼ ਕਿਸਾਨ ਵਿਰੋਧੀ ਐਨ ਡੀ ਏਗੱਠਜੋੜ ਵਿੱਚ ਬੈਠੇ ਕੀ ਕਰਦੇ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘਕਹਿੰਦਾ ਹੈ ਕਿ ਜੇ ਪੰਜਾਬ ਵਿੱਚ ਅਕਾਲੀ ਸਰਕਾਰ ਬਣੀ ਤਾਂ ਕਿਸੇ ਕਾਰਪੋਰੇਟ ਨੂੰ ਏਥੇਨਹੀਂਆਉਣ ਦੇਣਗੇ, ਇਸ ਤੋਂ ਸਾਫਹੈ ਕਿ ਸਭ ਕੁਝ ਸੱਤਾ ਹਾਸਲ ਕਰਨ ਲਈਹੋ ਰਿਹਾ ਹੈ। ਉਨਾਂ ਕਿਹਾ ਕਿ ਲੋਕ ਸਭਾ ਵਿੱਚ ਬਿੱਲ ਦੇ ਪੇਸ਼ ਹੋਣ ਤੱਕ ਨਾ ਸੁਖਬੀਰ ਸਿੰਘ ਅਤੇ ਨਾ ਉਸ ਦੀ ਪਤਨੀ ਹਰਸਿਮਰਤ ਕੌਰ ਨੇ ਕਿਸੇ ਮੌਕੇਇਨ੍ਹਾਂ ਖੇਤੀ ਆਰਡੀਨੈਂਸਾਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਪੰਜਾਬ ਦੀ ਸਰਬ ਪਾਰਟੀ ਮੀਟਿੰਗ ਵਿੱਚ ਸੁਖਬੀਰ ਸਿੰਘਵੱਲੋਂ ਰੱਖੇ ਪੱਖ ਤੇ ਬਿੱਲ ਵਿਰੋਧੀ ਮਤਾ ਪਾਸ ਕਰਨ ਵੇਲੇ ਵਿਧਾਨ ਸਭਾ ਸੈਸ਼ਨ ਤੋਂ ਬਾਹਰ ਰਹਿਣ ਦਾ ਚੇਤਾ ਕਰਵਾ ਕੇ ਕਿਹਾ ਕਿ ਉਹ ਤਾਂ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨ ਪੱਖੀਕਹਿੰਦੇ ਸਨ।

## ਅੱਜ ਨਾਮਾ >>

ਕਰ-ਕਰ ਰੋਸ ਕਿਸਾਨਾਂ ਵੀ ਵਾਹ ਲਾਈ,
ਸਕੇ ਦਿੱਲੀ ਨੂੰ ਦਰਦ ਨਹੀਂ ਦੱਸ ਮੀਆਂ।
ਉਤਲੇ ਗੇਅਰਾਂ ਦੇ ਵਿੱਚ ਸਰਕਾਰ ਜਾਂਦੀ,
ਕਰ-ਕਰ ਧੱਕਾ ਕਰਾਈ ਆ ਬੱਸ ਮੀਆਂ।
ਪਹਿਲੀ ਮਾਰ ਦੀ ਦਰਦ ਨਾ ਅਜੇ ਜਾਂਦੀ,
ਅਗਲਾ ਪੇਚ ਉਹ ਦੇਂਦੀ ਹੈ ਕੱਸ ਮੀਆਂ।
ਰਾਗ ਵਿਲਕਣਾ ਗਾਉਂਦਾ ਈ ਲੋਕਤੰਤਰ,
ਗਹਿਰ ਖੱਡੇ ਵਿੱਚ ਰਿਹਾ ਹੈ ਧੱਸ ਮੀਆਂ।
ਜਿਨ੍ਹਾਂ ਜੜ੍ਹਾਂ 'ਤੇ ਖੜਾ ਇਹ ਮੁਲਕ ਸਾਰਾ,
ਲਾਇਆ ਉਨ੍ਹਾ ਉੱਪਰ ਵੱਡਾ ਟੱਕ ਮੀਆਂ।
ਲੱਗੀ ਐਤਕੀਂ ਜਿਹੜੀ ਇਹ ਸੱਟ ਤਾਜ਼ੀ,
ਹੋਣਾ ਦਾਗ ਇਹ ਕਦੇ ਨਹੀਂ ਢੱਕ ਮੀਆਂ।

ਤੀਸ ਮਾਰ ਖਾਂ

# ਹਰਸਿਮਰਤ ਕੌਰ ਵੀ ਦਿੱਲੀ ਵਿਰੁੱਧ ਕੜਕੀ: ਅਸੀਂ ਹੱਥ ਜੋੜਨੇ ਛੱਡ ਕੇ ਦਿੱਲੀ ਦੀਆਂ ਕੰਧਾਂ ਹਿਲਾਵਾਂਗੇ

ਤਲਵੰਡੀ ਸਾਬੋ, 24 ਸਤੰਬਰ, (ਪੋਸਟ ਬਿਊਰੋ)- ਕੇਂਦਰ ਸਰਕਾਰਵਿੱਚੋਂ ਅਸਤੀਫ਼ਾ ਦੇਣ ਪਿੱਛੋਂ ਅੱਜ ਹਰਸਿਮਰਤ ਕੌਰ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਖ਼ਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਣ ਆਏ ਤਾਂ ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਅਕਾਲੀ ਵਰਕਰ ਵੀ ਪੁੱਜੇ ਸਨ, ਜਿਨ੍ਹਾਂ ਨੂੰ ਸੰਬੋਧਨ ਕਰਦੇ ਹੋਏ ਹਰਸਿਮਰਤ ਕੌਰ ਬਾਦਲ ਨੇ ਆਪਣੀ ਭਾਈਵਾਲ ਪਾਰਟੀ ਭਾਜਪਾ ਸਮੇਤ ਵਿਰੋਧੀ ਪਾਰਟੀਆਂ ਉੱਤੇਜ਼ੋਰਦਾਰ ਨਿਸ਼ਾਨੇ ਸਾਧੇ।



ਬੀਬੀ ਹਰਸਿਮਰਤ ਕੌਰ ਬਾਦਲ ਨੇ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘਖੇਤੀ ਬਿੱਲਾਂ ਬਾਰੇ ਸਭ ਕੁਝ ਜਾਣਦੇ ਸਨ ਅਤੇ ਉਨ੍ਹਾਂ ਨਾਲ ਸਲਾਹਤੋਂ ਬਾਅਦ ਇਹ ਖੇਤੀ ਬਿੱਲ ਲਿਆਂਦੇ ਗਏ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਬਿੱਲਾਂ ਬਾਰੇ ਨਵੀਂ ਕਮੇਟੀ ਵਿੱਚਸ਼ਾਮਲ ਸਨ। ਕਿਸਾਨਾਂ ਦੇ ਹੱਕ ਵਿੱਚਖੜੋਣ ਦਾ ਦਾਅਵਾ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪਹਿਲਾਂ ਅਸੀਂ ਹੱਥ ਜੋੜਦੇ ਸਾਂ, ਅੱਗੇ ਤੋਂ ਦਿੱਲੀ ਦੀਆਂ ਕੰਧਾਂ ਹਿਲਾਵਾਂਗੇ ਤੇ ਕਿਸਾਨੀ ਹੱਕਾਂ ਲਈ ਲੜ ਕੇ ਇਨਸਾਫ਼ ਲੈ ਕੇ ਵਿਖਾਵਾਂਗੇ। ਉਨ੍ਹਾਂ ਕਿਹਾ ਕਿ ਨਵੇਂ ਬਿੱਲਾਂ ਦੇ ਵਿਰੋਧ ਦੀ ਸ਼ੁਰੂਆਤ ਅਕਾਲੀ ਦਲ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਵਿੱਚ ਵੋਟ ਪਾਉਣ ਵੇਲੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਬਾਹਰ ਚਲੀ ਗਈ ਤੇ ਮੈਂ ਤੇ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਬਿੱਲਾਂ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਨਵੇਂ ਬਿੱਲਾਂ ਨੇ ਪੂਰਾ ਦੇਸ਼ਹਿਲਾ ਦਿੱਤਾ ਹੈ, ਜਦੋਂ ਮੈਨੂੰ ਇਨ੍ਹਾਂ ਬਿੱਲਾਂ ਬਾਰੇ ਪਤਾ ਲੱਗਾ ਤਾਂ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਬਾਰੇ ਦੱਸਿਆ ਤੇ ਕਿਹਾ ਕਿ ਇਨ੍ਹਾਂ ਨਾਲਕਿਸਾਨਾਂ ਨੂੰ ਬੇਹੱਦ ਨੁਕਸਾਨ ਹੋਵੇਗਾ, ਮੈਂ ਕਿਸਾਨਾਂ ਦੇ ਸ਼ੰਕੇ ਕੇਂਦਰ ਅੱਗੇ ਰੱਖੇ ਅਤੇ ਲਗਾਤਾਰ ਦੋ ਮਹੀਨੇ ਕੋਸ਼ਿਸ਼ਾਂ ਕਰਦੀ ਰਹੀ, ਪਰਜਦੋਂ ਵੇਖਿਆ ਕਿ ਸੁਣਵਾਈ ਨਹੀਂ ਹੋ ਰਹੀ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਰੋਧ ਦਾ ਫੈਸਲਾ ਲੈ ਲਿਆ। ਉਨ੍ਹਾਂ ਕਿਹਾ ਕਿ ਜੇ ਸਰਕਾਰ ਕਿਸਾਨਾਂ ਦੇ ਖ਼ਿਲਾਫ਼ ਕੋਈ ਕਾਲਾ ਕਾਨੂੰਨ ਲਿਆ ਰਹੀ ਹੈ ਤਾਂ ਲਾਹਨਤ ਹੈ ਏਦਾਂ ਦੀਆਂ ਕੁਰਸੀਆਂ ਉੱਤੇ ਤੇ ਮੈਂ ਕੁਰਸੀ ਨੂੰ ਠੁੱਡਾ ਮਾਰ ਕੇ ਮੈਂ ਕਿਸਾਨਾਂ ਨਾਲ ਖੜੋਣ ਦਾ ਫੈਸਲਾ ਲਿਆ ਅਤੇ ਅਸਤੀਫ਼ਾ ਦੇ ਦਿੱਤਾ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੈਂ ਸਾਰੀਆਂ ਪਾਰਟੀਆਂ ਨੂੰ ਬੇਨਤੀ ਕਰਦੀ ਹਾਂ ਕਿ ਸਿਆਸੀ ਖੇਡਾਂ ਛੱਡ ਕੇ ਇਕ ਹੋ ਕੇ ਪੰਜਾਬ ਦੀ ਲੜਾਈ ਲੜਨ।

ਬਾਦਲ ਜੋੜੀ ਦੇ ਅੱਜ ਏਥੇ ਆਉਣ ਉੱਤੇ ਆਮ ਆਦਮੀ ਪਾਰਟੀ ਵਰਕਰਾਂ ਨੇ ਇਸ ਹਲਕੇ ਦੀ ਵਿਧਾਇਕਾ ਬੀਬੀ ਬਲਜਿੰਦਰ ਕੌਰ ਦੀ ਅਗਵਾਈ ਵਿੱਚ ਉਨ੍ਹਾਂ ਨੂੰ ਕਾਲੇ ਝੰਡੇ ਵਿਖਾਏ ਅਤੇ ਵਿਰੋਧ ਕੀਤਾ ਕਿ ਪਹਿਲਾਂ ਭਾਜਪਾ ਨਾਲ ਮਿਲ ਕੇ ਸਭ ਕੁਝ ਕਰਨ ਦੇ ਬਾਅਦ ਅੱਜ ਇਹ ਕਿਸਾਨ ਪੱਖੀ ਹੋਣ ਦਾ ਵਿਖਾਵਾ ਕਰਦੇ ਫਿਰਦੇ ਹਨ।


# ਕੇਂਦਰੀ ਖੇਤੀਬਾੜੀ ਮੰਤਰੀ ਦੀ ਸਫਾਈ: ਕਿਸਾਨਾਂ ਦੀ ਜ਼ਮੀਨ ਕਦੀ ਨਹੀਂ ਖੁੱਸੇਗੀ

*** ਨਵੇਂ ਕਾਨੂੰਨਾਂ ਨਾਲ ਕਿਸਾਨ ਖੁਸ਼ਹਾਲ ਹੋਣਗੇ: ਤੋਮਰ**

ਨਵੀਂ ਦਿੱਲੀ, 24 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਸਾਨ ਵਿਰੋਧੀ ਕਹੇ ਜਾਂਦੇ ਖੇਤੀ ਬਿੱਲਾਂ ਬਾਰੇ ਸਪਸ਼ਟ ਕਰਦੇ ਹੋਏ ਕਿਹਾ ਹੈ ਕਿ ਬਿੱਲ ਲੋਕ ਸਭਾ ਅਤੇ ਰਾਜ ਸਭਾ ਵਿਚ ਪੇਸ਼ ਹੋਏ ਤਾਂ ਬੋਲੋੜਾ ਵਿਰੋਧ ਹੋਇਆ ਹੈ, ਜਦ ਕਿ ਇਹ ਬਿੱਲ ਕਿਸਾਨਾਂ ਨੂੰ ਖੁਸ਼ਹਾਲ ਬਣਾਉਣ ਵਾਲੇ ਹਨ।

ਨਰੇਂਦਰ ਸਿੰਘ ਤੋਮਰ ਕਿਹਾ ਕਿ ਕਾਂਗਰਸਤਾਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾ ਕਿਹਾ ਕਿ ਖੇਤੀਬਾੜੀ ਸੁਧਾਰ ਬਿੱਲਾਂ ਨਾਲ ਕਿਸਾਨਾਂ ਦਾ ਜੀਵਨ ਖੁਸ਼ਹਾਲ ਹੋਵੇਗਾ ਤੇ ਕ੍ਰਾਂਤੀ ਆਵੇਗੀ, ਇਨ੍ਹਾਂ ਨਾਲ ਬਾਜਾਰ ਨੂੰ ਪੂਰਨ ਆਜ਼ਾਦੀ ਮਿਲੇਗੀ ਤੇ ਕਿਸਾਨਾਂ ਦੀ ਹਾਲਾਤ ਸੁਧਰੇਗੀ ਤੇ ਕਿਸਾਨ ਨਵੀਂ ਤਕਨੀਕ ਨਾਲ ਜੁੜੇਗਾ। ਉਨ੍ਹਾ ਕਿਹਾ ਕਿ ਕਿਸਾਨ ਵੱਧ ਮੁੱਲ ਵਾਲੀਆਂ ਫਸਲਾਂ ਪੈਦਾ ਕਰਨ ਵੱਲਸੇਧਤ ਹੋਵੇਗਾ।


ਇੱਕ ਸਵਾਲ ਕਿ ਇਸ ਬਿੱਲ ਦੇ ਵਿਚ ਕਿਸਾਨੀ ਫਸਲਾਂ ਲਈ ਘੱਟੋ ਘੱਟੋ ਸਮੱਰਥਨ ਮੁੱਲ (ਐਮ ਐਸ ਪੀ) ਕਿਉਂ ਨਹੀਂ, ਬਾਰੇ ਖੇਤੀ ਮੰਤਰੀ ਨੇ ਕਿਹਾ ਕਿ ਫਸਲ ਖਰੀਦਣ ਲਈ ਐਮ ਐਸ ਪੀ ਐਲਾਨ ਕੀਤਾ ਹੈ, ਇਹ ਐਮ ਐਸ ਪੀ ਏਦਾਂ ਹੀ ਜਾਰੀ ਰਹੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਪਹਿਲਾਂ ਕਿਸਾਨ ਆਪਣੀ ਫਸਲ ਮੰਡੀ ਵਿਚ ਵੇਚਣ ਨੂੰ ਮਜਬੂਰ ਹੁੰਦਾ ਸੀ ਤੇ ਫਸਲ ਉਤੇ 8.5 ਫੀਸਦੀ ਟੈਕਸ ਦੇਣਾ ਪੈਂਦਾ ਸੀ, ਪੰਜਾਬ ਵਿੱਚ 8.5 ਫੀਸਦੀ ਟੈਕਸ ਹੈ, ਇਸ ਬਿਲ ਨਾਲ ਕਿਸਾਨਾਂ ਨੂੰ ਅਜ਼ਾਦੀ ਦਿੱਤੀ ਹੈ ਕਿ ਮੰਡੀ ਤੋਂ ਬਾਹਰ ਕਿਸੇ ਵੀ ਥਾਂ ਖੜੋ ਕੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਕੀਮਤ ਉੱਤੇ ਵੇਚ ਸਕਦੇ ਹਨ। ਉਨ੍ਹਾ ਕਿਹਾ ਕਿ ਮੰਡੀ ਦੇ ਬਾਹਰ ਵਪਾਰੀ ਵਰਗ ਵੱਧਹੋਵੇਗਾ ਤੇ ਇਸ ਦਾ ਲਾਭ ਕਿਸਾਨਾਂ ਨੂੰ ਮਿਲੇਗਾ।ਉਨ੍ਹਾਂ ਕਿਹਾ ਕਿ ਜੇ ਵਪਾਰੀ ਕਿਸਾਨ ਦੇ ਘਰੋਂ ਫਸਲ ਚੁੱਕਦਾ ਹੈ ਤਾਂ ਕਿਸਾਨ ਦਾ ਟਰਾਂਸਪੋਰਟ ਖਰਚਾ ਵੀ ਘਟ ਜਾਵੇਗਾ। ਕੇਂਦਰੀ ਮੰਤਰੀ ਤੋਮਰ ਨੇ ਕਿਹਾ ਕਿ 66 ਫੀਸਦੀ ਕਿਸਾਨ ਛੋਟੇ ਹਨ, ਹੌਲੀ-ਹੌਲੀ ਰਕਬਾ ਛੋਟਾ ਹੁੰਦਾ ਜਾਂਦਾ ਹੈ। ਕਈ ਵਾਰ ਛੋਟੇ ਕਿਸਾਨ ਦੀ ਉਪਜ ਘੱਟ ਅਤੇ ਟਰਾਂਸਪੋਟੇਸ਼ਨ ਖਰਚਾ ਵੱਧ ਹੋ ਜਾਂਦਾ ਹੈ। ਮੰਤਰੀ ਤੋਮਰ ਨੇ ਸਪੱਸ਼ਟ ਕੀਤਾ ਕਿ ਕਾਂਟਰੈਕਟ ਫਾਰਮਿੰਗ ਪਿੱਛੋਂ ਵੀ ਖੇਤ ਦਾ ਮਾਲਿਕ ਕਿਸਾਨ ਹੀ ਰਹੇਗਾ ਤੇ ਕਿਸਾਨ ਦੀ ਭੂਮੀ ਬਾਰੇ ਕੋਈ ਲਿਖਤ ਪੜ੍ਹਤ ਨਹੀਂ ਹੋਵੇਗੀ, ਕਿਸਾਨ ਜਦੋਂ ਚਾਹੇ, ਸਮਝੌਤਾ ਤੋੜ ਸਕਦਾ ਹੈ,ਪਰ ਪ੍ਰੋਸੈਸਰ ਚਾਹੇ ਵੀ ਤਾਂ ਵਿਚਾਲੇ ਸਮਝੌਤਾਨਹੀਂ ਤੋੜ ਸਕਦਾ ਹੈ, ਜੇ ਤੋੜੇਗਾ ਤਾਂ ਉਸ ਨੂੰ ਸਮਝੌਤੇ ਵਿੱਚ ਲਿਖਿਆ ਮੁੱਲ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਕੋਈ ਗੜਬੜ ਹੋਈ ਤਾਂ ਕਿਸਾਨ ਤਸੀਲ ਪੱਧਰ ਉੱਤੇ ਐਸ ਡੀ ਐਮ ਕੋਲ ਜਾਵੇਗਾ ਤੇ ਦੋਵਾਂ ਦਾ ਪੱਖ ਸੁਣਨ ਮਗਰੋਂ ਕੇਸ ਬੋਰਡ ਕੋਲ ਜਾਵੇਗਾ, ਪਰ ਜੇ ਬੋਰਡ ਹੱਲ ਨਹੀ ਕਰਦਾ ਤਾਂ ਐਸ ਡੀ ਐਮ 30 ਦਿਨਾਂ ਵਿਚ ਫੈਸਲਾ ਕਰ ਦੇਵੇਗਾ।



# ਸੁਮੇਧ ਸੈਣੀ ਖਿਲਾਫ ਇਕ ਹੋਰ ਗਵਾਹ ਨੇ ਅਦਾਲਤ ਵਿੱਚ ਬਿਆਨ ਦਰਜ ਕਰਵਾਏ

ਚੰਡੀਗੜ੍ਹ, 24 ਸਤੰਬਰ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀਜੀ ਪੀ ਸੁਮੇਧ ਸਿੰਘ ਸੈਣੀ ਦੀ ਮੁਸ਼ਕਲ ਅੱਜ ਹੋਰ ਵਧ ਗਈ ਹੈ। ਅੱਜ ਵੀਰਵਾਰ ਨੂੰ ਉਸ ਖ਼ਿਲਾਫ਼ ਇਕ ਹੋਰ ਗਵਾਹ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਨੇ ਭਾਵੇਂ ਬਲਵੰਤ ਸਿੰਘ ਮੁਲਤਾਨੀ ਅਗਵਾ ਅਤੇ ਕਤਲਕੇਸ ਵਿਚ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਾਈ ਹੋਈ ਹੈ ਅਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਵੀ ਉਸ ਨੂੰ ਬਲੈਂਕਟ ਜ਼ਮਾਨਤ ਦੇ ਦਿੱਤੀ ਹੈ, ਪਰ ਉਸ ਦੇ ਖਿਲਾਫ ਅਦਾਲਤੀ ਕੇਸਾਂ ਦੀ ਕਾਰਵਾਈ ਲਗਾਤਾਰ ਚੱਲ ਰਹੀ ਹੈ, ਜਿਸ ਵਿੱਚ ਅੱਜ ਇੱਕ ਬਿਆਨ ਹੋਰ ਜੁੜ ਗਿਆ ਹੈ।

ਅੱਜ ਇਸ ਕੇਸ ਵਿੱਚ ਭਗਵਾਨ ਸਿੰਘ ਮੋਕਲ ਪੁੱਤਰ ਬੰਤਾ ਸਿੰਘ ਵਾਸੀ ਗਿਲਕੋ ਹਾਈਟਸ (ਮੋਹਾਲੀ) ਨੇ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ ਵਿਚ ਧਾਰਾ 164 ਹੇਠ ਬਿਆਨ ਦੇ ਕੇ ਸੁਮੇਧ ਸੈਣੀ ਉੱਤੇ ਕਈ ਗੰਭੀਰ ਦੋਸ਼ ਲਾਏ ਹਨ। ਉਸ ਨੇ ਇਨ੍ਹਾਂ ਬਿਆਨਾਂ ਵਿਚ ਕਿਹਾ ਕਿ ਉਹ 1978 ਤੋਂ 1984 ਤਕ ਪੰਜਾਬ ਯੂਨੀਵਰਸਿਟੀ ਦੇਗੁਰੂ ਨਾਨਕ ਸਿੱਖ ਸਟੱਡੀਜ਼ ਵਿਚ ਰਿਸਰਚ ਸਕਾਲਰ ਸੀ ਤੇ ਸੁਮੇਧ ਸੈਣੀ ਓਦੋਂ ਇਸ ਯੂਨੀਵਰਸਿਟੀ ਦਾ ਵਿਦਿਆਰਥੀ ਸੀ, ਜਿਸ ਕਰ ਕੇ ਉਹ ਇਕ ਦੂਜੇ ਨੂੰ ਜਾਣਦੇ ਸਨ। ਚੰਡੀਗੜ੍ਹ ਪੁਲਸ ਦਾ ਐੱਸ ਐੱਸਪੀ ਹੁੰਦਿਆਂ ਸੁਮੇਧ ਸੈਣੀ ਉੱਤੇ ਜਦੋਂ ਬੰਬ ਹਮਲਾ ਹੋਇਆ ਤਾਂ 29 ਜਨਵਰੀ 1992 ਨੂੰ ਉਸਨੂੰ ਵੀ ਮੋਹਾਲੀ ਤੋਂਪੁਲਸ ਨੇ ਚੁੱਕਲਿਆ ਅਤੇ ਸੀਆਰਪੀ ਐੱਫ ਕੈਂਪ ਪਿੰਜੌਰ ਵਿੱਚ ਲੈ ਗਈ। ਓਥੇ ਉਸਨੂੰ ਇਸ ਹਮਲੇ ਦਾ ਮਾਸਟਰ ਮਾਈਂਡ ਕਹਿ ਕੇ ਉਸ ਉੱਤੇਤਸ਼ੱਦਦ ਕੀਤਾ ਗਿਆ। ਇਸ ਦੌਰਾਨ ਸੁਮੇਧ ਸੈਣੀ ਨੇ ਉਸਨੂੰ ਦੱਸਿਆ ਕਿ ਰਾਜਿੰਦਰ ਸਿੰਘ ਬੁਲਾਰਾ ਅਤੇ ਡੀ ਐੱਸ ਮੁਲਤਾਨੀ ਦੇ ਮੁੰਡੇ (ਬਲਵੰਤ ਸਿੰਘ ਮੁਲਤਾਨੀ) ਨੂੰ ਮਾਰ ਦਿੱਤਾ ਹੈ ਅਤੇ ਉਸ ਨੇ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰਕ ਮੈਂਬਰਾਂ ਤੇ ਪੰਥਕ ਕਮੇਟੀ ਮੈਂਬਰ ਅਰੂੜ ਸਿੰਘ ਨੂੰ ਮਰਵਾਉਣ ਦੀ ਗੱਲ ਵੀ ਕਹੀ ਸੀ। ਭਗਵਾਨ ਸਿੰਘ ਮੋਕਲਨੇ ਕਿਹਾ ਕਿ ਅਣਮਨੁੱਖੀ ਤਸੀਹੇ ਦੇਣ ਪਿੱਛੋਂ ਉਸ ਦੇ ਖ਼ਿਲਾਫ਼ 12 ਮਾਰਚ 1992 ਨੂੰ ਆਰਮਜ਼ ਐਕਟ ਅਤੇ ਟਾਡਾ ਹੇਠ ਸੈਕਟਰ 17 ਵਿਚ ਝੂਠਾ ਕੇਸ ਦਰਜ ਕਰ ਦਿੱਤਾ ਗਿਆ। ਉਸ ਨੇ ਕਿਹਾ ਕਿ ਉਹ ਸੱਚ ਸਾਹਮਣੇ ਲਿਆਉਣਾ ਚਾਹੁੰਦਾ ਸੀ, ਇਸ ਲਈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤਾਂ ਕੀਤੀਆਂ ਸਨ ਤਾਂ ਸੁਮੇਧ ਸੈਣੀ ਨੇ ਦਬਾਅ ਪਾਉਣ ਲਈ ਲੁਧਿਆਣਾ ਸ਼ਿੰਗਾਰ ਸਿਨੇਮਾ ਬੰਬ ਕਾਂਡ ਵਿਚ ਉਸਨੂੰ ਨਾਮਜ਼ਦ ਕਰ ਦਿੱਤਾ ਅਤੇ ਪੁਲਿਸ ਹਿਰਾਸਤ ਦੌਰਾਨ ਸ਼ਿਕਾਇਤਾਂ ਨਾ ਕਰਨ ਦਾ ਦਬਾਅ ਬਣਾਇਆ ਸੀ। ਭਗਵਾਨ ਸਿੰਘ ਨੇ ਕਿਹਾ ਕਿ ਇਨ੍ਹਾਂ ਕਾਰਨਾਂ ਕਰ ਕੇ ਉਹ ਪਿਛਲੇ ਦਿਨੀਂ ਮਟੌਰ ਥਾਣੇ ਵਿਚ ਸੁਮੇਧ ਸੈਣੀ ਦੇ ਖ਼ਿਲਾਫ਼ ਦਰਜ ਕੇਸਵਿੱਚ ਬਿਆਨ ਦਰਜ ਕਰਵਾਉਣ ਆਇਆ ਸੀ।






# ਸੰਪਾਦਕੀ

## ਥਰੋਨ ਸਪੀਚ: ਇੱਕ ਖੂਬਸੂਰਤ ਸੁਫਨਾ

–ਜਗਦੀਸ਼ ਗਰੇਵਾਲ–

ਸੁਫਨਿਆਂ ਬਾਰੇ ਇੱਕ ਚੰਗੀ ਗੱਲ ਇਹ ਹੁੰਦੀ ਹੈ ਕਿ ਵੇਖਣ ਵਾਲੇ ਦਾ ਉਹਨਾਂ ਉੱਤੇ ਕੋਈ ਕਾਬੂ ਨਹੀਂ ਹੁੰਦਾ ਬੱਸ ਉਹ ਚੰਗਾ ਮੰਦਾ ਸੁਨੇਹਾ ਦੇ ਕੇ ਅੱਗੇ ਹੋ ਜਾਂਦੇ ਹਨ। ਗਵਰਨਰ ਜਨਰਲ ਜੂਲੀ ਪੇਅ-ਐਟ ਦੇ ਮੂੰਹੋਂ ਬੁਲਵਾਈ ਗਈ ਥਰੋਨ ਸਪੀਚ ਨੂੰ ਜੇ ਕਰ ਗੌਰ ਨਾਲ ਘੋਖਿਆ ਜਾਵੇ ਤਾਂ ਉਸ ਵਿੱਚ ਹਰ ਵਰਗ ਦੇ ਕੈਨੇਡੀਅਨ ਨੂੰ ਕੁੱਝ ਨਾ ਕੁੱਝ ਦੇਣ ਦਾ ਸੁਫ਼ਨਾ ਵਿਖਾਇਆ ਗਿਆ ਹੈ। ਸੱਭ ਤੋਂ ਪਹਿਲਾਂ ਇਹ ਗੱਲ ਕਬੂਲਣ ਵਾਲੀ ਹੈ ਕਿ COVID 19 ਦੀ ਦੂਜੀ ਲਹਿਰ ਸਾਡੀਆਂ ਬਰੂਹਾਂ ਉੱਤੇ ਹੈ ਜਿਸਦਾ ਮੁਕਾਬਲਾ ਕਰਨ ਲਈ ਇਹ ਅਤੀਅੰਤ ਜਰੂਰੀ ਹੈ ਕਿ ਕੈਨੇਡੀਅਨਾਂ ਨੂੰ ਬਣਦੀ ਮਦਦ ਦਿੱਤੀ ਜਾਵੇ। ਕਿਸੇ ਕੈਨੇਡੀਅਨ ਦਾ ਥਰੋਨ ਸਪੀਚ ਵਿੱਚ ਤੋਂ ਬਾਅਦ ਕੈਨੇਡਾ ਐਮਰਜੰਸੀ ਵੇਜ ਸਬਸਿਡੀ ਨੂੰ ਅਗਲੇ ਸਾਲ ਗਰਮੀ ਦੀ ਰੁੱਤ ਤੱਕ ਵਧਾਉਣ ਜਾਂ ਕੈਨੇਡਾ ਐਮਰਜੰਸੀ ਰੀਸਪਾਂਸ ਬੈਨੇਫਿਟ ਦੀ ਤਰਜ਼ ਉੱਤੇ ਇੰਪਲਾਇਮੈਂਟ ਇਸ਼ੂੰਰੈਂਸ ਦੀ ਰਾਸ਼ੀ ਨੂੰ 500 ਡਾਲਰ ਪ੍ਰਤੀ ਹਫ਼ਤਾ ਕਰਨ ਬਾਬਤ ਵਿਰੋਧ ਵਿੱਚ ਨਹੀਂ ਹੋ ਸਕਦਾ। ਇਹ ਸਹਾਇਤਾ COVID 19 ਦੇ ਇਸ ਅਣਕਿਆਸੇ ਸਮੇਂ ਵਿੱਚ ਦਿੱਤੀ ਜਾਣੀ ਬਹੁਤ ਲਾਜ਼ਮੀ ਹੈ।

ਥਰੋਨ ਸਪੀਚ ਅਤੇ ਪ੍ਰਧਾਨ ਮੰਤਰੀ ਦੇ ਅਸਮਾਨੀਂ ਛੂੰਹਦੇ ਬਿਆਨਾਂ ਬਾਰੇ ਸੁਆਲ ਸਿਰਫ਼ ਇਹ ਹੈ ਕਿ ਕੀ ਮਦਦ ਦੇਣ ਵਾਲੇ ਵਿਅਕਤੀ ਨੂੰ ਪਤਾ ਨਹੀਂ ਹੋਣਾ ਚਾਹੀਦਾ ਹੈ ਕਿ ਉਸ ਦੀ ਜੇਬ ਵਿੱਚ ਕਿੰਨਾ ਕੁ ਧਨ ਹੈ ਤਾਂ ਜੋ ਉਹ ਆਪਣੇ ਹੋਰ ਖਰਚਿਆਂ ਨੂੰ ਕਾਬੂ ਕਰਨ ਕਾਬਲ ਹੋਵੇ? 6800 ਸ਼ਬਦਾਂ ਵਾਲੀ ਥਰੋਨ ਸਪੀਚ ਵਿੱਚ ਜੋ ਸ਼ਬਦਾਵਲੀ ਵਰਤੀ ਗਈ ਹੈ, ਉਸ ਵਿੱਚ ਅਜਿਹੇ ਸਿਧਾਂਤ ਅਤੇ ਫਲਸਫੇ ਭਰੇ ਗਏ ਹਨ ਕਿ ਪੜ ਕੇ ਇੰਝ ਜਾਪਦਾ ਹੈ ਕਿ ਸਾਡੇ ਦੇਸ਼ ਕੋਲ ਹਰ ਸਮੱਸਿਆ ਨੂੰ ਦੂਰ ਕਰਨ ਦਾ ਸਟੀਕ ਫਾਰਮੂਲਾ ਹੈ ਪਰ ਇਹ ਨਹੀਂ ਦੱਸਿਆ ਗਿਆ ਕਿ ਇਸ ਫਾਰਮੂਲੇ ਨੂੰ ਪੂਰਾ ਕਰਨ ਲਈ ਧਨ ਸੰਪਤੀ ਕਿੱਥੋਂ ਆਵੇਗੀ। ਹੋਰ ਤਾਂ ਹੋਰ ਲਿਬਰਲ ਸਰਕਾਰ ਦੀ ਚਹੇਤੀ 'ਸੀ ਬੀ ਸੀ' ਵੱਲੋਂ ਵੀ ਥਰੋਨ ਸਪੀਚ ਨੂੰ 'ਸ਼ਬਦਾਵਲੀ ਵਿੱਚ ਜੀ ਟੀ ਰੋਡ ਜਿੰਨੀ ਲੰਬੀ ਪਰ ਵਿਆਖਿਆ ਵਿੱਚ ਢਿੱਲੀ' (A throne speech long on language and ambition, short on specifics) ਕਰਾਰ ਦਿੱਤਾ ਗਿਆ ਹੈ। ਮਿਸਾਲ ਵਜੋਂ ਜਦੋਂ ਪਰਸੋਂ ਵਿੱਤ ਮੰਤਰੀ ਫਰੀਲੈਂਡ ਨੂੰ ਪੁੱਛਿਆ ਗਿਆ ਕਿ ਕੀ ਅਜਿਹਾ ਹੋ ਸਕਦਾ ਹੈ ਕਿ ਆਉਣ ਵਾਲੇ ਭੱਵਿਖ ਵਿੱਚ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਦੇਸ਼ ਕੋਲ ਸ੍ਰੋਤ ਰਹਿਣ ਹੀ ਨਾ ਤਾਂ ਉਹਨਾਂ ਦਾ ਜਵਾਬ ਸੀ ਕਿ ਜਦੋਂ ਤੱਕ ਵਿਆਜ਼ ਦਰਾਂ ਘੱਟ ਹਨ, ਕਿਸੇ ਨੂੰ ਬਹੁਤਾ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਹਰ ਕਿਸਮ ਦੇ ਵਾਅਦੇ ਕਰਨ ਤੋਂ ਬਾਅਦ ਥਰੋਨ ਸਪੀਚ ਵਿੱਚ ਵੀ ਵਿਆਜ਼ ਘੱਟ ਹੋਣ ਨੂੰ ਹਰ ਬੀਮਾਰੀ ਦਾ ਹੱਲ ਦੱਸਿਆ ਗਿਆ ਹੈ।

ਥਰੋਨ ਸਪੀਚ ਦਾ ਮੁੱਖ ਧੁਰਾ ਹਰ ਹਾਲ ਵਿੱਚ ਐਨ ਡੀ ਪੀ ਨੂੰ ਖੁਸ਼ ਕਰਨਾ ਰਿਹਾ ਹੈ ਤਾਂ ਜੋ ਸਰਕਾਰ ਡਿੱਗ ਨਾ ਪਵੇ। ਇੰਝ ਜਾਪਦਾ ਹੈ ਕਿ ਐਨ ਡੀ ਪੀ ਨੂੰ ਖੁਸ਼ ਕਰਨ ਦੀ ਪ੍ਰਕਿਰਿਆ ਵਿੱਚ ਲਿਬਰਲ ਕਿਸੇ ਹੱਦ ਤੱਕ ਐਨ ਡੀ ਪੀ ਨਾਲੋਂ ਵੀ ਅੱਗੇ ਨਿਕਲ ਗਏ ਹਨ। ਮਿਸਾਲ ਵਜੋਂ ਯੂਨੀਵਰਸਲ ਫਰਮਾਕੇਅਰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ, ਔਰਤਾਂ ਨੂੰ ਆਰਥਕਤਾ ਵਿੱਚ ਸਹੀ ਰੋਲ ਦਿਲਵਾਉਣ ਲਈ ਲੰਬੇ ਸਮੇਂ ਲਈ ਨਿਵੇਸ਼ ਕਰਨ ਦੀ ਗੱਲ ਆਖੀ ਗਈ ਹੈ, ਬਲੈਕ ਕਮਿਉਨਿਟੀ ਨੂੰ ਵਿਸ਼ੇਸ਼ ਕਰਕੇ ਵਧੇਰੇ ਜੌਬਾਂ ਦੇਣ ਲਈ ਕਿਹਾ ਗਿਆ ਹੈ। ਯੂਥ ਨੂੰ ਨਵੀਆਂ ਜੌਬਾਂ ਦੇਣਾ ਅਤੇ ਸਮੂਹ ਕੈਨੇਡੀਅਨਾਂ ਲਈ 10 ਲੱਖ ਜੌਬਾਂ ਪੈਦਾ ਕਰਨ ਦਾ ਵਾਅਦਾ ਕੀਤਾ ਗਿਆ ਹੈ। ਇਸ ਸੱਭ ਕੁੱਝ ਉੱਤੇ ਕਿੰਨਾ ਖਰਚ ਆਵੇਗਾ, ਇਸਦਾ ਅੰਦਾਜ਼ਾ ਅਗਲੇ ਦਿਨਾਂ ਵਿੱਚ ਲੱਗੇਗਾ ਜਦੋਂ ਖਰਚਿਆਂ ਦਾ ਲੇਖਾ ਜੋਖਾ ਕੀਤਾ ਜਾਵੇਗਾ।

ਇਸ ਸਾਲ ਦੀ ਸਪੀਚ ਵਿੱਚ ਕੁੱਝ ਵੀ ਅਜਿਹਾ ਨਹੀਂ ਜਿਸਤੋਂ ਪਤਾ ਲਾਇਆ ਜਾ ਸਕੇ ਕਿ ਸਰਕਾਰ ਸ਼ਬਦਾਂ ਦੇ ਜਾਲ ਤੋਂ ਅੱਗੇ ਕਿਸ ਪਾਸੇ ਤੁਰੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਹੀ ਖਾਮੀ ਜਾਂ ਖੂਬੀ ਆਖੀ ਜਾ ਸਕਦੀ ਹੈ ਕਿ ਉਹ ਲਿਫਾਫੇਬਾਜ਼ੀ ਤੋਂ ਅੱਗੇ ਗੱਲ ਕਰਨਾ ਪਸੰਦ ਨਹੀਂ ਕਰਦੇ। ਮੁਸ਼ਕਲ ਉਸ ਵੇਲੇ ਹੋਵੇਗੀ ਜਦੋਂ ਉਹਨਾਂ ਦੇ ਸ਼ਬਦਾਂ ਦੀ ਕੀਮਤ ਕੈਨੇਡੀਅਨਾਂ ਨੂੰ ਟੈਕਸ ਡਾਲਰਾਂ ਰਾਹੀਂ ਉਤਾਰਨੀ ਹੋਵੇਗੀ। 6800 ਸ਼ਬਦਾਂ ਦੀ ਥਰੋਨ ਸਪੀਚ ਵਿੱਚ ਕੁੱਝ ਵੀ ਅਜਿਹਾ ਨਹੀਂ ਜਿਸਤੋਂ ਤਰਕ ਬਣ ਸਕੇ ਕਿ ਇਸਨੂੰ ਪੇਸ਼ ਕਰਨ ਲਈ ਜਸਟਿਨ ਟਰੂਡੋ ਹੋਰਾਂ ਨੇ ਪਾਰਲੀਮੈਂਟ ਨੂੰ ਅਸਥਾਈ ਰੂਪ ਵਿੱਚ ਭੰਗ (prorogue) ਕਿਉਂ ਕੀਤਾ ਸੀ?

## ਅਕਾਲ ਤਖ਼ਤ ਵੱਲੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਓਜੀਸੀ ਤੇ ਓਐਸਜੀਸੀ ਨੇ ਲਿਆ ਸਖ਼ਤ ਨੋਟਿਸ

...ਪੰਨਾ 1 ਦਾ ਬਾਕੀ

ਕਮੇਟੀ ਤੇ ਕਾਉਂਸਲ ਨੇ ਆਖਿਆ ਕਿ ਅਸੀਂ ਕੈਨੇਡਾ ਵਿਚਲੇ ਸਾਰੇ ਗੁਰਦੁਆਰਿਆਂ ਨੂੰ ਇਹ ਅਪੀਲ ਕਰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਆਨੰਦ ਕਾਰਜ ਦੀਆਂ ਰਸਮਾਂ ਪੂਰੀਆਂ ਕਰਨ ਲਈ ਬੈਂਕੁਏਟ ਹਾਲ, ਗੌਲਫ ਕੋਰਸਿਜ਼ ਤੇ ਹੋਟਲਾਂ ਆਦਿ ਵਿੱਚ ਨਾ ਲਿਜਾਇਆ ਜਾਵੇ। ਇਸ ਦੇ ਨਾਲ ਹੀ ਅਸੀਂ ਸੰਗਤ ਨੂੰ ਵੀ ਇਹ ਅਪੀਲ ਕਰਦੇ ਹਾਂ ਕਿ ਉਹ ਇਸ ਤਰ੍ਹਾਂ ਦੀ ਬੇਅਦਬੀ ਬਾਰੇ ਚੌਕਸ ਰਹਿਣ। ਸਾਡੇ ਵੱਲੋਂ ਸੰਗਤ ਨੂੰ ਵੀ ਇਹ ਅਪੀਲ ਕੀਤੀ ਜਾਂਦੀ ਹੈ ਕਿ ਜੇ ਅਜਿਹਾ ਕਿਤੇ ਹੁੰਦਾ ਹੈ ਤਾਂ ਉਸ ਦੀ ਜਾਣਕਾਰੀ ਤੁਰੰਤ ਲੋਕਲ ਗੁਰਦੁਆਰਾ ਕਮੇਟੀ ਨੂੰ ਦਿੱਤੀ ਜਾਵੇ ਤੇ ਇਸ ਦੇ ਨਾਲ ਹੀ ਓਜੀਸੀ ਤੇ ਓਐਸਜੀਸੀ ਨੂੰ ਵੀ ਇਸ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਕਿ ਬਣਦੀ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

## ਬੰਦ ਹੋਣਾ ਚਾਹੀਦਾ ਹੈ ਆਰ ਸੀ ਐਮ ਪੀ ਵੱਲੋਂ ਸਿੱਖ ਆਫੀਸਰਜ਼ ਨਾਲ ਹੋ ਰਿਹਾ ਵਿਤਕਰਾ : ਡਬਲਿਊ ਐਸ ਓ

...ਪੰਨਾ 1 ਦਾ ਬਾਕੀ

ਸਿੱਖ ਆਫੀਸਰਜ਼ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਹੋਰਨਾਂ ਥਾਂਵਾਂ ਉੱਤੇ ਫਰੰਟਲਾਈਨ ਉੱਤੇ ਰਹਿ ਕੇ ਕੰਮ ਕਰ ਰਹੇ ਹਨ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਡਿਊਟੀਜ਼ ਤੋਂ ਵਾਂਝਾ ਨਹੀਂ ਕੀਤਾ ਗਿਆ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਆਰਸੀਐਮਪੀ ਕਿਉਂ ਚਾਹੁੰਦੀ ਹੈ ਕਿ ਉਨ੍ਹਾਂ ਦੇ ਮੈਂਬਰ ਐਨ100 ਮਾਸਕ ਹੀ ਪਾਉਣ ਜਦਕਿ ਮੈਡੀਕਲ ਪ੍ਰੋਫੈਸ਼ਨਲਜ਼ ਵੱਲੋਂ ਇਹ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਆਮ ਮੈਡੀਕਲ ਮਾਸਕ ਹੀ ਕਾਫੀ ਹਨ।

ਡਬਲਿਊ ਐਸ ਓ ਜੂਨ ਦੇ ਸ਼ੁਰੂ ਵਿੱਚ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ, ਆਰਸੀਐਮਪੀ ਕਮਿਸ਼ਨਰ ਬ੍ਰੈਂਡਾ ਲੱਕੀ ਤੋਂ ਇਲਾਵਾ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਤੇ ਇਨੋਵੇਸ਼ਨ, ਸਾਇੰਸ ਐਂਡ ਟੈਕਨੌਲੋਜੀ ਮੰਤਰੀ ਨਵਦੀਪ ਬੈਂਸ ਨੂੰ ਵੀ ਇਸ ਮਾਮਲੇ ਵਿੱਚ ਦਖਲ ਦੇਣ ਲਈ ਲਿਖ ਚੁੱਕੀ ਹੈ ਪਰ ਕਿਸੇ ਵੱਲੋਂ ਵੀ ਕੋਈ ਜਵਾਬ ਨਹੀਂ ਆਇਆ। ਡਬਲਿਊ ਐਸ ਓ ਦੇ ਪ੍ਰੈਜ਼ੀਡੈਂਟ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਪਿਛਲੇ ਛੇ ਮਹੀਨਿਆਂ ਤੋਂ ਅਸੀਂ ਇਹ ਮੁੱਦਾ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਫੈਡਰਲ ਸਰਕਾਰ ਵੱਲੋਂ ਵੀ ਕੋਈ ਬਾਂਹ ਪੱਲਾ ਨਹੀਂ ਫੜ੍ਹਿਆ ਜਾ ਰਿਹਾ। ਦਾੜ੍ਹੀ ਵਾਲੇ ਸਿੱਖ ਅਧਿਕਾਰੀਆਂ ਨਾਲ ਇਸ ਤਰ੍ਹਾਂ ਦਾ ਵਿਤਕਰਾ ਫੌਰੀ ਤੌਰ ਉੱਤੇ ਬੰਦ ਹੋਣਾ ਚਾਹੀਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਹਾਇਤਾ ਟੋਰਾਂਟੋ ਵੱਲੋਂ ਬਰੈਂਪਟਨ ਵਿੱਚ ਸਫ਼ਾਈ ਮੁਹਿੰਮ ਸ਼ੁਰੂ







ਟੋਰਾਂਟੋ/ਹੀਰਾ ਰੰਧਾਵਾ- ਬੀਤੇ ਕਈ ਵਰ੍ਹਿਆਂ ਤੋਂ ਸਮਾਜ ਵਿੱਚ ਲੋੜਵੰਦ ਲੋਕਾਂ ਦੀ ਮਦਦ ਕਰਦੀ ਆ ਰਹੀ ਸਵੈ-ਸੇਵੀ ਸੰਸਥਾ 'ਸਹਾਇਤਾ ਟੋਰਾਂਟੋ' ਵੱਲੋਂ ਸ਼ਹਿਰ ਬਰੈਂਪਟਨ ਨੂੰ ਵਧੇਰੇ ਸਾਫ਼ ਸੁਥਰਾ ਬਨਾਉਣ ਲਈ ਇਕ ਸਫ਼ਾਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਐਤਵਾਰ 20 ਸਤੰਬਰ ਤੋਂ ਸ਼ੁਰੂ ਹੋਈ ਮੁਹਿੰਮ ਬਾਰੇ

ਜਾਣਕਾਰੀ ਦਿੰਦਿਆਂ ਕਰਮਜੀਤ ਗਿੱਲ ਨੇ ਦੱਸਿਆ ਕਿ ਸੰਸਥਾ ਦੇ ਸਾਰੇ ਸਵੈ-ਸੇਵੀਆਂ ਵੱਲੋਂ ਮਿਕਲਾਗਲਿਨ ਰੋਡ ਨੇੜੇ ਟਿੰਬਰਲੇਨ ਡਰਾਈਵ ਉੱਤੇ ਸਥਿੱਤ ਗੁਰਦੁਆਰਾ ਨਾਨਕਸਰ ਦੇ ਸਾਹਮਣੇ ਵਾਲੇ ਪਾਰਕ ਵਿੱਚ ਸਵੇਰੇ 9:30 ਵਜੇ ਇਕੱਤਰ ਹੋਣ ਉਪਰੰਤ 10 ਵਜੇ ਤੋਂ 12 ਵਜੇ ਤੱਕ ਆਸ-ਪਾਸ ਦੇ ਇਲਾਕੇ ਵਿੱਚ ਸਫ਼ਾਈ ਕੀਤੀ ਗਈ। ਇਸ ਮੁਹਿੰਮ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋਏ ਅਤੇ ਸੰਸਥਾ ਦੇ ਸਵੈ-ਸੇਵੀਆਂ ਦੀ ਹੌਂਸਲਾ ਅਫ਼ਜ਼ਾਈ ਕਰਨ ਲਈ ਬਹੁਤ ਸਾਰੇ ਪਤਵੰਤੇ ਵੀ ਉਕਤ ਪਾਰਕ ਵਿੱਚ ਪਹੁੰਚੇ। ਸੰਸਥਾ ਵੱਲੋਂ ਸਫਲਾਈ ਦਾ ਇਹ ਸਿਲਸਿਲਾ ਜਾਰੀ ਰੱਖਿਆ ਜਾਵੇਗਾ ਤਾਂ ਜੋ ਰਲ ਮਿਲ ਕੇ ਬਰੈਂਪਟਨ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਵਿੱਚ ਯੋਗਦਾਨ ਪਾਇਆ ਜਾ ਸਕੇ। ਸਫ਼ਾਈ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਸੈਂਡੀ ਗਰੇਵਾਲ ਨੇ ਦੱਸਿਆ ਕਿ ਕੋਵਿਡ-19 ਦੇ ਇਸ ਦੌਰ ਵਿੱਚ ਸਾਨੂੰ ਸਫ਼ਾਈ ਦਾ ਵਿਸੇਸ਼ ਧਿਆਨ ਰੱਖਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਸਫ਼ਾਈ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਬਹੁਤ ਸਾਰੇ ਪਾਰਕਾਂ ਅਤੇ ਸੜਕਾਂ ਦੇ ਕਿਨਾਰਿਆਂ 'ਤੇ ਲੋਕਾਂ ਵੱਚੋਂ ਮੂੰਹ ਦੇ ਮਾਸਕ ਤੇ ਦਸਤਾਨੇ ਸੁੱਟ ਦਿੱਤੇ ਜਾਂਦੇ ਹਨ ਜਿੰਨਾਂ ਨਾਲ ਕਰੋਨਾ ਵਾਇਰਸ ਦੇ ਫ਼ੈਲਣ ਦਾ ਖ਼ਤਰਾ ਹੋਰ ਵੱਧ ਜਾਂਦਾ ਹੈ। ਇਹਨਾਂ ਨੂੰ ਬਕਾਇਦਾ ਕੂੜੇਦਾਨ ਵਿੱਚ ਸੁੱਟਣਾ ਚਾਹੀਦਾ ਹੈ। ਉਹਨਾਂ ਸਾਰੇ ਲੋਕਾਂ ਕਾਰਜਾਂ ਵਿੱਚ ਜੁੜੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਕਾਰਜ ਵਿੱਚ ਉਹਨਾਂ ਨਾਲ ਸਹਿਯੋਗ ਕਰਨ। ਉਹਨਾਂ ਕਿਹਾ ਕਿ ਸਫ਼ਾਈ ਲਈ ਲੋੜੀਂਦੇ ਗਾਰਬੇਜ਼ ਲਿਫ਼ਾਫੇ ਅਤੇ ਹੋਰ ਔਜ਼ਾਰ ਲੈਣ ਲਈ ਉਹਨਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਿਸ ਲਈ ਸਿਟੀ ਆਫ਼ ਬਰੈਂਪਟਨ ਵੱਲੋਂ ਸਾਨੂੰ ਭਰਪੂਰ ਸਮਰੱਥਨ ਮਿਲ ਰਿਹਾ। ਯਾਦ ਰਹੇ ਕਿ ਸਹਾਇਤਾ ਵੱਲੋਂ ਭਾਰਤ ਅਤੇ ਭਾਰਤ ਤੋਂ ਬਾਹਰ ਗਰੀਬ ਤੇ ਬੇਸਹਾਰਾ ਲੋਕਾਂ ਦੀਆਂ ਸਿਹਤ ਸੇਵਾਵਾਂ, ਵਿਦਿਆ ਪ੍ਰਾਪਤੀ, ਆਦਿ ਸਮੇਤ ਬਹੁਤ ਹੋਰ ਸਾਰੀਆਂ ਲੋੜਵੰਦ ਧਿਰਾਂ ਦੀ ਮਦਦ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਕਰਮਜੀਤ ਗਿੱਲ ਨਾਲ ਫੋਨ ਨੰਬਰ 647-273-4243 ਜਾਂ ਸੈਂਡੀ ਗਰੇਵਾਲ ਨਾਲ ਫੋਨ ਨੰਬਰ 647-330-3400 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਹਾਂਮਾਰੀ ਦੌਰਾਨ ਸਰਕਾਰ ਵੱਲੋਂ ਅਣਗੌਲੇ ਮੁੱਦਿਆਂ ਦਾ ਜਨਤਕ ਮੁਲਾਂਕਣ ਕਰਵਾਇਆ ਜਾਵੇ : ਰੈਂਪਲ

...ਪੰਨਾ 1 ਦਾ ਬਾਕੀ

ਪਹਿਲੀ ਗੱਲ ਇਹ ਕੋਵਿਡ-19 ਦੇ ਕੈਨੇਡਾ ਵਿੱਚ ਪਸਾਰ ਬਾਰੇ ਤਿੰਨ ਅਹਿਮ ਗੱਲਾਂ ਫੈਡਰਲ ਸਰਕਾਰ ਵੱਲੋਂ ਕੈਨੇਡੀਅਨਾਂ ਨੂੰ ਦੱਸੀਆਂ ਜਾਣੀਆਂ ਚਾਹੀਦੀਆਂ ਸਨ, ਜੋ ਕਿ ਨਹੀ ਦੱਸੀਆਂ ਗਈਆਂ ਤੇ ਇਸ ਕਾਰਨ ਹੀ ਕੈਨੇਡਾ ਵਿੱਚ ਇਹ ਮਹਾਂਮਾਰੀ ਖਤਰਨਾਕ ਰੂਪ ਲੈ ਸਕੀ। ਇਹ ਗੱਲਾਂ ਹੇਠ ਲਿਖੇ ਅਨੁਸਾਰ ਹਨ :

- ਕੈਨੇਡੀਅਨਾਂ ਨੂੰ ਇਹ ਨਹੀਂ ਦੱਸਿਆ ਗਿਆ ਕਿ ਕੋਵਿਡ-19 ਇੱਕ ਵਿਅਕਤੀ ਤੋਂ ਦੂਜੇ ਰਾਹੀ ਤੇਜ਼ੀ ਨਾਲ ਫੈਲਦਾ ਹੈ
- ਕੈਨੇਡੀਅਨਾਂ ਨੂੰ ਇਹ ਆਖਿਆ ਗਿਆ ਕਿ ਸਰਹੱਦੀ ਪਾਬੰਦੀਆਂ ਤੇ ਮਾਸਕਸ ਕੋਵਿਡ-19 ਦੀ ਰੋਕਥਾਮ ਵਿੱਚ ਕੁੱਝ ਖਾਸ ਭੂਮਿਕਾ ਨਹੀ ਨਿਭਾਉਂਦੇ
- ਜਦੋਂ ਸਾਡੇ ਕੋਲ ਘਾਟ ਸੀ ਉਸ ਸਮੇਂ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਦੀ ਸਪਲਾਈ ਚੀਨ ਭੇਜਣਾ
- ਮਹਾਂਮਾਰੀ ਦੀ ਰੋਕਥਾਮ ਦੀ ਜ਼ਿੰਮੇਵਾਰੀ ਪ੍ਰੋਵਿੰਸਾਂ ਨੂੰ ਦੇਣਾ
- ਤੇਜ਼ ਤੇ ਅਸਰਦਾਰ ਹੋਮ ਟੈਸਟਿੰਗ ਸਿਸਟਮ ਦਾ ਸਹੀ ਢੰਗ ਨਾਲ ਮੁਲਾਂਕਣ ਕਰਵਾਉਣ ਲਈ ਹੈਲਥ ਕੈਨੇਡਾ ਵਿੱਚ ਨਵੇਂ ਸਿਸਟਮ ਦੇ ਵਿਕਾਸ ਵਿੱਚ ਅਸਫਲ ਰਹਿਣਾ
- ਪਬਲਿਕ ਹੈਲਥ ਖਤਰਿਆਂ ਬਾਰੇ ਫੈਡਰਲ ਸਰਕਾਰ ਵੱਲੋਂ ਅਰਲੀ ਵਾਰਨਿੰਗ ਸਿਸਟਮ ਨੂੰ ਨਕਾਰਾ ਕਰਨਾ

ਉਨ੍ਹਾਂ ਆਖਿਆ ਕਿ ਇਨ੍ਹਾਂ ਮੁੱਦਿਆਂ ਉੱਤੇ ਚਰਚਾ ਹੋਵੇ ਤੇ ਇਨ੍ਹਾਂ ਦੇ ਜਨਤਕ ਮੁਲਾਂਕਣ ਦੀ ਕੰਜ਼ਰਵੇਟਿਵਾਂ ਵੱਲੋਂ ਮੰਗ ਕੀਤੀ ਜਾਂਦੀ ਹੈ। ਦੂਜੀ ਗੱਲ ਇਹ ਕਿ ਕੈਨੇਡੀਅਨ ਦੂਜਾ ਲਾਕਡਾਊਨ ਸਹਾਰ ਨਹੀਂ ਸਕਣਗੇ। ਇਸ ਤੋਂ ਇਲਾਵਾ ਸਰਕਾਰ ਨੂੰ ਮਹਾਂਮਾਰੀ ਦੀ ਦੂਜੀ ਵੇਵ ਲਈ ਕਮਰ ਕੱਸ ਲੈਣੀ ਚਾਹੀਦੀ ਹੈ।

## ਬਾਈਕ ਸਵਾਰ ਨੂੰ ਓਵਰ ਸਪੀਡ ਟਿੱਪਰ ਨੇ ਕੁਚਲਿਆ

ਲੁਧਿਆਣਾ, 24 ਸਤੰਬਰ (ਪੋਸਟ ਬਿਊਰੋ)- ਚੰਡੀਗੜ੍ਹ ਰੋਡ 'ਤੇ ਜਾਂਦੇ ਬਾਈਕ ਸਵਾਰ ਨੂੰ ਪਿੱਛੋਂ ਆਏ ਤੇਜ਼ ਰਫ਼ਤਾਰ ਟਿੱਪਰ ਨੇ ਕੁਚਲ ਦਿੱਤਾ। ਬਾਈਕ ਸਵਾਰ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨੀਸ਼ ਕੁਮਾਰ (20) ਵਜੋਂ ਹੋਈ ਹੈ, ਜੋ ਕਿ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ। ਥਾਣਾ ਫੋਕਲ ਪੁਆਇੰਟ ਦੀ ਪੁਲਸ ਮੌਕੇ 'ਤੇ ਪੁੱਜੀ ਤਾਂ ਦੋਸ਼ੀ ਡਰਾਈਵਰ ਟਿੱਪਰ ਛੱਡ ਕੇ ਭੱਜ ਗਿਆ। ਪੁਲਸ ਨੇ ਟਿੱਪਰ ਕਬਜ਼ੇ ਵਿੱਚ ਲੈ ਲਿਆ ਹੈ। ਜਾਂਚ ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਮਨੀਸ਼ ਪ੍ਰਾਈਵੇਟ ਜਾਬ ਕਰਦਾ ਸੀ। ਦੁਪਹਿਰੇ ਆਪਣੀ ਬਾਈਕ 'ਤੇ ਕਿਸੇ ਕੰਮ ਜਾ ਰਿਹਾ ਸੀ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

Deposit Structure: 40k $10,000 Submitted with offer; $10,000 Submitted 90 days after Offer Date; $20,000 Submitted 150 days after Offer Date

Jagdish Grewal
Residential | Commercial | Investment
(416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਜ਼ੂਮ-ਮੀਟਿੰਗ ਵਿਚ ਪੰਜਾਬੀ ਬੋਲੀ ਤੇ ਭਾਸ਼ਾ ਦੀ ਅਜੋਕੀ ਹਾਲਤ ਬਾਰੇ ਹੋਈਆਂ ਵਿਚਾਰਾਂ

## ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 20 ਸਤੰਬਰ ਨੂੰ ਹੋਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਜ਼ੂਮ-ਮੀਟਿੰਗ ਵਿਚ ਪੰਜਾਬੀ ਬੋਲੀ ਅਤੇ ਪੰਜਾਬੀ ਭਾਸ਼ਾ ਦੀ ਅਜੋਕੀ ਹਾਲਤ ਤੇ ਇਸ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਹਾਜ਼ਰ ਮੈਂਬਰਾਂ ਨੂੰ ਰਸਮੀ 'ਜੀ-ਆਇਆਂ' ਕਹਿਣ ਤੋਂ ਬਾਅਦ ਸੰਚਾਲਕ ਤਲਵਿੰਦਰ ਮੰਡ ਨੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੂੰ ਪੰਜਾਬੀ ਬੋਲੀ ਦੀ ਅਜੋਕੀ ਹਾਲਤ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ ਜਿਨ੍ਹਾਂ ਨੇ ਦੱਸਿਆ ਕਿ ਜੰਮੂ-ਕਸ਼ਮੀਰ ਵਿਚ ਪੰਜਾਬੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਸ ਸਮੁੱਚੀ ਰਿਆਸਤ ਵਿਚ ਬੋਲੀ ਜਾਂਦੀ ਸੀ ਪਰ ਅੱਜ ਪੰਜਾਬੀ ਨੂੰ ਇਸ ਦੇ ਵਰਤਮਾਨ ਛੇਵੇਂ ਸਥਾਨ ਤੋਂ ਵੀ ਲਾਂਭੇ ਕਰ ਦਿੱਤਾ ਗਿਆ ਹੈ। ਏਸੇ ਤਰ੍ਹਾਂ ਰਾਜਸਥਾਨ ਵਿਚ ਇਸ ਨੂੰ ਇਸ ਦੇ ਮੌਜੂਦਾ ਤੀਸਰੇ ਦਰਜੇ ਤੋਂ ਵੀ ਹਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ-ਮੰਤਰੀ ਫ਼ਰੂਕ ਅਬਦੁੱਲਾ, ਉਮਰ ਅਬਦੁੱਲਾ ਅਤੇ ਹੋਰ ਕਈ ਹੋਰ ਲੀਡਰ ਚੰਗੀ ਭਲੀ ਪੰਜਾਬੀ ਬੋਲਦੇ ਹਨ ਪਰ ਇਸ ਰਾਜ ਜਿਸ ਨੂੰ ਹੁਣ ਕੇਂਦਰ ਸਰਕਾਰ ਵੱਲੋਂ ਤਿੰਨ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ, ਵਿਚ ਇਸ ਬੋਲੀ ਨੂੰ ਲਾਂਭੇ ਕੀਤਾ ਜਾ ਰਿਹਾ ਹੈ।

ਡਾ. ਸੁਖਦੇਵ ਸਿੰਘ ਝੰਡ ਨੇ ਪੰਜਾਬੀ ਬੋਲੀ ਸਬੰਧੀ ਹੋ ਰਹੇ ਵਿਤਕਰੇ ਸਬੰਧੀ ਗੱਲ ਕਰਦਿਆਂ ਕਿਹਾ ਕਿ ਅੱਜ ਜਦੋਂ ਪੰਜਾਬ ਦੇ ਮੁੱਖ-ਮੰਤਰੀ ਆਪਣੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕਦੇ ਹਨ ਅਤੇ ਪੰਜਾਬੀਆਂ ਦੇ ਨਾਲ ਉਹ ਆਪਣੇ ਸੰਪਰਕ ਪ੍ਰੋਗਰਾਮਾਂ ਦੇ ਨਾਂ ਵੀ 'ਕੌਫ਼ੀ ਵਿੱਦ ਕੈਪਟਨ' ਵਰਗੇ ਅੰਗਰੇਜ਼ੀ ਵਿਚ ਹੀ ਰੱਖਦੇ ਹਨ ਤਾਂ ਫਿਰ ਉਨ੍ਹਾਂ ਦਾ ਆਪਣੀ ਮਾਂ- ਬੋਲੀ ਦੀ ਬੇਹਤਰੀ ਵੱਲ ਕਿੰਨਾ ਕੁ ਧਿਆਨ ਹੋ ਸਕਦਾ ਹੈ। ਉਨ੍ਹਾਂ ਪੰਜਾਬੀ ਦੇ ਸਿਰਮੌਰ ਗਾਇਕ ਕਲਾਕਾਰ ਗੁਰਦਾਸ ਮਾਨ ਵੱਲੋਂ ਮਾਤ-ਭਾਸ਼ਾ ਪੰਜਾਬੀ ਨਾਲੋਂ 'ਮਾਸੀ-ਬੋਲੀ' ਹਿੰਦੀ ਨੂੰ ਤਰਜੀਹ ਦੇਣ ਅਤੇ ਪੰਜਾਬ ਦੇ ਕਈ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਨਾ ਪੜ੍ਹਾਉਣ ਅਤੇ ਵਿਦਿਆਰਥੀਆਂ ਨੂੰ ਸਕੂਲ ਵਿਚ ਇਹ ਬੋਲਣ 'ਤੇ ਜੁਰਮਾਨੇ ਕਰਨ ਦੀ ਵੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਸਾਰੀ ਦੁਨੀਆਂ ਵਿਚ ਇਸ ਸਮੇਂ ਸੱਤ ਹਜ਼ਾਰ ਤੋਂ ਵਧੇਰੇ ਬੋਲੀਆਂ ਬੋਲੀਆਂ ਜਾ ਰਹੀਆਂ ਹਨ ਅਤੇ ਪੰਜਾਬੀ ਉਨ੍ਹਾਂ ਵਿਚਲੀਆਂ ਅਹਿਮ ਭਾਸ਼ਾਵਾਂ ਵਿੱਚੋਂ ਇਕ ਹੈ। ਡਾ. ਝੰਡ ਵੱਲੋਂ ਉਠਾਏ ਗਏ ਮਾਂ ਤੇ ਮਾਸੀ-ਬੋਲੀ ਵਾਲੇ ਨੁਕਤੇ ਨੂੰ ਅੱਗੇ ਵਧਾਉਂਦਿਆਂ ਕਰਨ ਅਜਾਇਬ ਸਿੰਘ ਸੰਘਾ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਸੀ ਵੀ ਪਿਆਰੀ ਹੁੰਦੀ ਹੈ ਪਰ ਜਦੋਂ ਉਹ ਮਾਂ ਦੀ ਭੈਣ ਨਾ ਰਹਿ ਕੇ ਉਸ ਦੀਂ ਸ਼ੌਕਣ ਬਣਨ ਦਾ ਯਤਨ੍ਹ ਕਰਦੀ ਹੈ ਤਾਂ ਘਰਾਂ ਵਿਚ ਮੁਸ਼ਕਲ ਉਦੋਂ ਹੀ ਆਰੰਭ ਹੁੰਦੀ ਹੈ। ਉਨ੍ਹਾਂ ਕਿਹਾ ਕਿ ਚੜ੍ਹਦੇ ਪੰਜਾਬ ਵਿਚ ਹਿੰਦੀ ਨੇ ਅਤੇ ਲਹਿੰਦੇ ਪੰਜਾਬ ਵਿਚ ਉਰਦੂ ਨੇ ਪੰਜਾਬੀ ਬੋਲੀ ਦੀਆਂ ਸੌਂਕਣਾਂ ਬਣਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਹੋਰ ਕਿਹਾ ਕਿ ਪੰਜਾਬੀ ਨੂੰ ਸਿੱਖ ਧਰਮ ਦੇ ਨਾਲ ਜੋੜ ਕੇ ਇਸ ਨੂੰ ਕੇਵਲ ਸਿੱਖਾਂ ਦੀ ਭਾਸ਼ਾ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦੇ ਕਾਰਨ ਬੀਤੇ ਸਮੇਂ ਵਿਚ ਬਹੁਤ ਸਾਰੇ ਹਿੰਦੂ ਭਰਾਵਾਂ ਨੇ ਆਪਣੇ ਆਪ ਨੂੰ ਇਸ ਦੂਰ ਰੱਖ ਕੇ ਹਿੰਦੀ ਨਾਲ ਆਪਣੀ ਵਧੇਰੇ ਨੇੜਤਾ ਜਤਾਈ ਜੋਂ ਇਨ੍ਹਾਂ ਦੋਹਾਂ ਕੌਮਾਂ ਵਿਚ ਪਾੜ ਪੈਣ ਦਾ ਮੁੱਖ ਕਾਰਨ ਬਣਿਆਂ।

ਕੰਪਿਊਟਰ-ਧਨੰਤਰ ਕ੍ਰਿਪਾਲ ਸਿੰਘ ਪੰਨੂੰ ਨੇ ਇਸ ਮੌਕੇ ਪੰਜਾਬੀ ਫ਼ੌਂਟਸ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬੀ ਵਿਚ ਪ੍ਰਚੱਲਤ ਫ਼ੌਂਟ ਕਈ ਕਿਸਮ ਦੇ ਹਨ ਅਤੇ ਇਨ੍ਹਾਂ ਵਿਚ ਵਖਰੇਵਾਂ ਬਹੁਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਆਪਸੀ ਸਾਂਝ ਹੋਣੀ ਬਹੁਤ ਜ਼ਰੂਰੀ ਹੈ ਜੋ ਕੇਵਲ ਤੇ ਕੇਵਲ ਯੂਨੀਕੋਡ ਫ਼ੌਂਟਸ ਦੀ ਕੰਪਿਊਟਰ 'ਤੇ ਵਰਤੋਂ ਕਰਨ ਨਾਲ ਹੀ ਹੋ ਸਕਦੀ ਹੈ। ਡਾ. ਜਗਮੋਹਨ ਸਿੰਘ ਸੰਘਾ ਨੇ ਪੰਜਾਬੀ ਬੋਲੀ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸੰਸਾਰ ਪੱਧਰ 'ਤੇ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿਚ ਪੰਜਾਬੀ ਦਸਵੇਂ ਸਥਾਨ 'ਤੇ ਹੈ, ਹਾਲਾਂ ਕਿ ਪੰਜਾਬ ਅਤੇ ਕੈਨੇਡਾ ਵਰਗੇ ਦੇਸ਼ ਵਿਚ ਪੰਜਾਬੀਆਂ ਦੀ ਵਸੋਂ 2% ਦੇ ਲੱਗਭੱਗ ਹੀ ਹੈ ਪਰ ਇੱਥੇ ਪੰਜਾਬੀ ਦਾ ਬੋਲ-ਬਾਲਾ ਹੈ। ਇਸ ਦਾ ਭਾਵ ਇਹ ਹੈ ਕਿ ਕਈਆਂ ਦੇਸ਼ਾਂ ਵਿਚ ਪੰਜਾਬੀਆਂ ਤੋਂ ਇਲਾਵਾ ਕਈ ਹੋਰ ਨਾਨ-ਪੰਜਾਬੀ ਵੀ ਇਹ ਬੋਲੀ ਬੋਲਦੇ ਹਨ। ਲਹਿੰਦੇ ਪੰਜਾਬ ਦੇ ਕਵੀਂ ਮਕਸੂਦ ਚੌਧਰੀ ਨੇ ਦੱਸਿਆ ਕਿ ਪੱਛਮੀ ਪੰਜਾਬ ਵਿਚ ਪੰਜਾਬੀ ਨੂੰ ਉਰਦੂ ਦੀ ਕਾਫ਼ੀ ਮਾਰ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਉੱਥੇ ਪੰਜਾਬੀ ਸ਼ਾਹਮੁਖੀ ਲਿਪੀ ਵਿਚ ਲਿਖੀ ਵੀ ਜਾਂਦੀ ਹੈ ਪਰ ਉਰਦੂ ਬੋਲਣ ਵਾਲੇ ਆਪਣੇ ਆਪ ਨੂੰ ਵਧੇਰੇ ਤਹਿਜ਼ੀਬ-ਯਾਫ਼ਤਾ ਮੰਨਦੇ ਹਨ ਅਤੇ ਪੰਜਾਬੀ ਬੋਲਣ ਵਾਲਿਆਂ ਨੂੰ ਉਹ ਅਨਪੜ੍ਹ ਤੇ ਘਟੀਆ ਦਰਜੇ ਦੇ ਸ਼ਹਿਰੀ ਸਮਝਦੇ ਹਨ।











ਪਰਮਜੀਤ ਗਿੱਲ ਦਾ ਇਸ ਮੌਕੇ ਕਹਿਣਾ ਸੀ ਕਿ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਕੋਈ ਵੀ ਬੋਲੀ ਜਾਂ ਭਾਸ਼ਾ ਤਰੱਕੀ ਨਹੀਂ ਕਰ ਸਕਦੀ ਅਤੇ ਬਦਕਿਸਮਤੀ ਨਾਲ ਪੰਜਾਬ ਵਿਚ ਕਿਸੇ ਵੀ ਰਾਜਨੀਤਕ ਪਾਰਟੀ ਵੱਲੋਂ ਵੀ ਪੰਜਾਬੀ ਨੂੰ ਸਹੀ ਸਰਪ੍ਰਸਤੀ ਨਹੀਂ ਮਿਲ ਸਕੀ। ਸਰਕਾਰੀ ਦਫ਼ਤਰਾਂ ਵਿਚ ਇਸ ਦੀ ਵਰਤੋਂ ਸਹੀ ਰੂਪ ਵਿਚ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਸਾਨੂੰ ਘਰਾਂ ਵਿਚ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਨਾ ਚਾਹੀਦਾ ਹੈ। ਹਰਜਸਪ੍ਰੀਤ ਗਿੱਲ ਨੇ ਬੋਲੀ ਅਤੇ ਭਾਸ਼ਾ ਦਾ ਵੱਖਰੇਵਾਂ ਕਰਦਿਆਂ ਹੋਇਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸੇ ਵੀ ਭਾਸ਼ਾ ਨੂੰ ਠੀਕ ਲਿਖਿਆ ਜਾਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਵਿਚ ਲਗਾਂ-ਮਾਤਰਾਂ ਦੀਆਂ ਗ਼ਲਤੀਆਂ ਬੜੀਆਂ ਅੱਖੜਦੀਆਂ ਹਨ। ਇਨ੍ਹਾਂ ਤੋਂ ਇਲਾਵਾ ਇਕਬਾਲ ਬਰਾੜ ਅਤੇ ਤਲਵਿੰਦਰ ਮੰਡ ਵੱਲੋਂ ਵੀ ਇਸ ਸਬੰਧੀ ਆਪਣੇ ਵਿਚਾਰ ਰੱਖੇ ਗਏ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾਂ ਨੇ ਇਸ ਸਮੁੱਚੀ ਕਾਰਵਾਈ ਨੂੰ ਸਮੇਟਦਿਆਂ ਹੋਇਆਂ ਕਿਹਾ ਕਿ ਬੋਲੀ ਨੂੰ ਲਿਖਤ ਰੂਪ ਵਿਚ ਪੇਸ਼ ਕਰਨ ਦੀ ਕਲਾ ਭਾਸ਼ਾ ਹੈ ਅਤੇ ਪੰਜਾਬੀ ਬੋਲੀ ਤੇ ਭਾਸ਼ਾ ਦੀ ਆਪਣੀ ਹੀ ਵਿਲੱਖਣਤਾ ਹੈ। ਇਸ ਵਿਚ ਲਿਖੇ ਤੇ ਗਾਏ ਗਏ ਗੀਤ ਤੇ ਰਚੀਆਂ ਗਈਆਂ ਕਵਿਤਾਵਾਂ ਇਸ ਨੂੰ ਅਮੀਰ ਬਣਾਉਂਦੀਆਂ ਹਨ ਅਤੇ ਸਾਡੇ ਦਿਲਾਂ ਨੂੰ ਟੁੰਬਦੀਆਂ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਦੀ ਪੀੜ੍ਹੀ ਵੱਲੋਂ ਇਸ ਦਾ ਮੁਹਾਂਦਰਾ ਵਿਗਾੜਿਆ ਜਾ ਰਿਹਾ ਹੈ। ਕੈਨੇਡਾ ਵਿਚ ਪੰਜਾਬੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਵੈਨਕੂਵਰ (ਬੀ.ਸੀ) ਵਿਚ ਬਣੀ ਸੰਸਥਾ 'ਪਲੀ' ਨੇ ਪੰਜਾਬੀ ਨੂੰ ਸਕੂਲਾਂ ਤੇ ਕਾਲਜਾਂ ਵਿਚ ਇਕ ਵਿਸ਼ੇ ਵਜੋਂ ਪੜ੍ਹਾਏ ਜਾਣ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ ਜਿਸ ਸਦਕਾ ਅੱਜ ਉੱਥੇ ਪੰਜਾਬੀ ਭਾਸ਼ਾ ਨੂੰ ਦੂਸਰਾ ਸਥਾਨ ਪ੍ਰਾਪਤ ਹੈ ਅਤੇ ਓਨਟਾਰੀਓ ਸੂਬੇ ਵਿਚ ਵੀ ਇਹ ਤੀਸਰੇ ਸਥਾਨ 'ਤੇ ਹੈ। ਉਨ੍ਹਾਂ ਯੂਨੈਸਕੋ ਵੱਲੋਂ ਆਉਂਦੇ 50 ਸਾਲਾਂ ਵਿਚ ਪੰਜਾਬੀ ਬੋਲੀ ਦੇ ਖ਼ਤਰੇ ਨੂੰ ਨਿਰਮੂਲ ਦੱਸਦਿਆਂ ਕਿਹਾ ਕਿ ਕਿਸੇ ਵੀ ਬੋਲੀ ਜਾਂ ਭਾਸ਼ਾ ਦਾ ਸਰੂਪ ਬਦਲ ਸਕਦਾ ਹੈ ਪਰ ਜਿੰਨਾ ਚਿਰ ਲੋਕ ਕੋਈ ਬੋਲੀ ਬੋਲਦੇ ਹਨ, ਉਹ ਮਰਦੀ ਨਹੀਂ। ਉਨ੍ਹਾਂ ਸਾਰੇ ਬੁਲਾਰਿਆਂ ਦਾ ਇਸ ਗੱਲਬਾਤ ਵਿਚ ਭਾਗ ਲੈਣ ਲਈ ਧੰਨਵਾਦ ਕੀਤਾ।

ਇਸ ਜ਼ੂਮ-ਮੀਟਿੰਗ ਦੇ ਦੂਸਰੇ ਹਿੱਸੇ ਵਿਚ ਕਵੀ-ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੀਟਿੰਗ ਦੇ ਸੰਚਾਲਕ ਵੱਲੋਂ ਸੱਭ ਤੋਂ ਪਹਿਲਾਂ ਮਕਸੂਦ ਚੌਧਰੀ ਨੂੰ ਆਪਣੀ ਕਵਿਤਾ ਸੁਨਾਉਣ ਲਈ ਸੱਦਾ ਦਿੱਤਾ ਗਿਆ। ਉਨ੍ਹਾਂ ਤੋਂ ਬਾਅਦ ਇਕਬਾਲ ਬਰਾੜ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗੀਤ 'ਦੀਵਾ ਬਲੇ ਸਾਰੀ ਰਾਤ, ਵੇ ਮੇਰੇ ਮੇਰਿਆ ਮਹਿਰਮਾਂ'ਬੜੇ ਰੂਹ ਨਾਲ ਗਾਇਆ। ਬਲਰਾਜ ਚੀਮਾ ਜੀ ਦੀ ਫ਼ਰਮਾਇਸ਼ 'ਤੇ ਉਨ੍ਹਾਂ ਸਾਹਿਰ ਲੁਧਿਆਣਵੀ ਦਾ ਲਿਖਿਆ ਫ਼ਿਲਮ 'ਹਮ ਦੋਨੋ' ਦਾ ਸਵ. ਮਹਿੰਦਰ ਕਪੂਰ ਵੱਲੋਂ ਗਾਇਆ ਗਿਆ ਗੀਤ 'ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋ' ਵੀ ਦੁਣਾਇਆ। ਉਪਰੰਤ, ਸੁਖਦੇਵ ਝੰਡ ਨੇ ਆਪਣੀ ਕਵਿਤਾ 'ਮੱਕੜਜਾਲ ਸੁਣਾਈ। ਮਲੂਕ ਸਿੰਘ ਕਾਹਲੋਂ ਵੱਲੋਂ ਗੀਤ 'ਲੋਕੋ ਜਾਗ ਪਓ' ਅਤੇ ਸੁੰਦਰਪਾਲ ਰਾਜਾਸਾਂਸੀ ਵੱਲੋਂ ਗੀਤ 'ਅੱਜ ਸੜਕ 'ਤੇ ਬਹਿ ਕੇ ਰੋਂਦੀਆਂ ਮਾਵਾਂ' ਪੇਸ਼ ਕੀਤੇ ਗਏ। ਰਿੰਟੂ ਭਾਟੀਆ ਨੇ ਆਪਣੀ ਮਧੁਰ ਆਵਾਜ਼ ਵਿਚ ਬਾਬਾ ਬੁੱਲੇ ਸ਼ਾਹ ਦੀ ਕਾਫ਼ੀ "ਮੈਂ ਕਿਉਂ ਜਾਵਾਂ ਫਿਰ ਕਾਅਬੇ ਨੂੰ, ਮੈਂ ਤਾਂ ਜਾਣਾ ਤਖ਼ਤ ਹਜ਼ਾਰੇ ਨੂੰ" ਬਾਖ਼ੂਬੀ ਪੇਸ਼ ਕੀਤਾ। ਕਰਨ ਅਜਾਇਬ ਸਿੰਘ ਸੰਘਾ ਵੱਲੋਂ ਗੀਤ 'ਪੱਗੜੀ ਸੰਭਾਲ ਜੱਟਾ' ਤਰੰਨਮ ਵਿਚ ਗਾਇਆ ਗਿਆ। ਇਸ ਮੌਕੇ ਡਾ. ਜਗਮੋਹਨ ਸੰਘਾ, ਤਲਵਿੰਦਰ ਮੰਡ ਅਤੇ ਰਮਿੰਦਰ ਵਾਲੀਆ ਵੱਲੋਂ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ। ਅਖ਼ੀਰ ਵਿਚ ਬਲਰਾਜ ਚੀਮਾ ਵੱਲੋਂ ਸਾਰੇ ਕਵੀਆਂ ਤੇ ਗਾਇਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

## ਮਿੰਨੀ ਕਹਾਣੀ

### ਮਨ ਦੀ ਸ਼ਰਾਰ

-ਹਰਜੀਤ ਸਿੰਘ ਸਿੱਧੂ

ਘਰ ਦੀ ਅਲਮਾਰੀ ਵਿੱਚ ਟੰਗਿਆ ਐਗਫਾ ਕੰਪਨੀ ਦਾ ਪੁਰਾਣਾ ਕੈਮਰਾ ਉਸ ਨੂੰ ਭੈੜਾ ਅਤੇ ਫਜ਼ੂਲ ਜਿਹਾ ਲੱਗਣ ਲੱਗ ਪੈਂਦਾ। ਆਪਣੇ ਵਿਆਹ ਤੋਂ ਪਿੱਛੋਂ ਦੀਆਂ ਆਪਣੀਆਂ ਅਤੇ ਆਪਣੇ ਬੱਚਿਆਂ ਦੇ ਬਚਪਨ ਦੀਆਂ ਅਣਗਿਣਤ ਯਾਦਾਂ ਨੂੰ ਇਸੇ ਕੈਮਰੇ ਦੀ ਮਦਦ ਨਾਲ ਉਸ ਨੇ ਫੋਟੋ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ। ਨਵੀਆਂ ਤਕਨੀਕਾਂ ਵਾਲੇ ਕਈ ਕੈਮਰੇ ਉਸ ਕੋਲ ਪਏ ਸਨ। ਵੱਖ-ਵੱਖ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਾਧਾਰਨ ਕੈਮਰੇ ਜਾਂ ਮਨੁੱਖੀ ਅੱਖ ਦੀ ਬਣਤਰ ਸਮਝਾਉਂਦੇ ਹੋਏ ਉਸ ਨੂੰ ਸਾਧਾਰਨ ਕੈਮਰੇ ਦੇ ਮਾਡਲ ਦੀ ਜ਼ਰੂਰਤ ਮਹਿਸੂਸ ਹੁੰਦੀ, ਜੋ ਉਨ੍ਹਾਂ ਦੀ ਲੈਬ ਵਿੱਚ ਉਪਲਬਧ ਨਹੀਂ ਸੀ ਅਤੇ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਮਾਡਲ ਮਾਰਕੀਟ ਵਿੱਚੋਂ ਮਿਲਿਆ ਨਹੀਂ ਸੀ।

ਮਨ ਰੂਪੀ ਸ਼ੈਤਾਨ ਅਨੇਕਾਂ ਵਾਰ ਉਸ ਦੇ ਚੂੰਡੀਆਂ ਵੱਢਦਾ ਕਿ ਲੈਬ ਦੇ ਸਾਮਾਨ ਦੀ ਖਰੀਦ ਕਰਨ ਵਾਲਾ ਉਹ ਖੁਦ ਹੀ ਹੈ। ਇੱਕ ਸੌ ਰੁਪਏ ਨੂੰ ਖਰੀਦੇ, ਘਰ ਪਏ ਪੁਰਾਣੇ ਕੈਮਰੇ ਨੂੰ ਸਕੂਲ ਦੀ ਲੈਬ ਵਿੱਚ ਲੈ ਆਵੇ ਅਤੇ ਕਿਸੇ ਸਪਲਾਇਰ ਤੋਂ ਹਜ਼ਾਰ ਬਾਰ੍ਹਾਂ ਸੌ ਦਾ ਬਿੱਲ ਬਣਵਾ ਲਵੇ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਦਿਖਾਉਣ ਲਈ ਕੈਮਰੇ ਦਾ ਮਾਡਲ ਵੀ ਉਸ ਨੂੰ ਮਿਲ ਜਾਵੇਗਾ ਤੇ ਜੇਬ ਵਿੱਚ ਹਜ਼ਾਰ ਰੁਪਏ ਵੀ ਆ ਜਾਣਗੇ। ਮਨ ਦੇ ਕੋਝੇ ਖਿਆਲਾਂ ਦੀ ਇਹ ਖੇਡ ਕਈ ਸਾਲ ਚਲਦੀ ਰਹੀ। ਮਾਂ ਬਾਪ ਅਤੇ ਅਧਿਆਪਕਾਂ ਤੋਂ ਮਿਲੀ ਇਮਾਨਦਾਰੀ ਦੀ ਸਿਖਿਆ ਅੱਗੇ ਉਸ ਦੇ ਮਨ ਅੰਦਰਲੇ ਸ਼ੈਤਾਨ ਨੂੰ ਹਰ ਵਾਰ ਹਾਰਨਾ ਪੈਂਦਾ। ਉਹ ਸੋਚਦਾ ਸੀ ਕਿ ਇਸ ਸਰਕਾਰੀ ਸੇਵਾ ਬਦਲੇ ਸਾਲ ਵਿੱਚ ਮਿਲਦੇ ਲੱਖਾਂ ਰੁਪੱਈਆਂ ਨਾਲ ਜੇ ਉਸ ਦਾ ਢਿੱਡ ਨਹੀਂ ਭਰਿਆ ਤਾਂ ਬੇਈਮਾਨੀ ਦੇ ਹਜ਼ਾਰ ਬਾਰ੍ਹਾਂ ਸੌ ਨਾਲ ਕਿਵੇਂ ਭਰੇਗਾ।

ਅੱਜ ਉਸ ਦੀ ਸੇਵਾ ਮੁਕਤੀ ਸਮੇਂ ਵੱਖ-ਵੱਖ ਬੁਲਾਰਿਆਂ ਵੱਲੋਂ ਅਨੇਕਾਂ ਪੱਖਾ ਤੋਂ ਉਸ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਸੀ, ਪਰ ਉਸ ਨੂੰ ਆਪਣੀ ਇੱਕੋ ਪ੍ਰਾਪਤੀ ਵੱਡੀ ਲੱਗਦੀ ਸੀ ਕਿ ਇਸ ਸਕੂਲ ਵਿੱਚ ਆਪਣੀ ਸਮੁੱਚੀ ਠਹਿਰ ਦੌਰਾਨ ਉਹ ਆਪਣੇ ਮਨ ਦੇ ਝਾਂਸੇ ਵਿੱਚ ਨਹੀਂ ਆਇਆ ਅਤੇ ਆਪਣੇ ਦਾਮਨ ਨੂੰ ਬੇਈਮਾਨੀ ਦੇ ਦਾਗ ਤੋਂ ਬਚਾਈ ਰੱਖਿਆ।

## ਹਲਕਾ-ਫੁਲਕਾ

ਰੋਹਿਤ, "ਯਾਰ, ਅੱਜ ਮੈਂ ਆਪਣੇ ਲੜਕੇ ਨੂੰ ਬਹੁਤ ਮਾਰਿਆ ਤੇ ਬਹੁਤ ਦੇਰ ਤੱਕ ਮੁਰਗਾ ਬਣਾਈ ਰੱਖਿਆ।"

ਸੁਮਿਤ,"...ਪਰ ਕਿਉਂ?"

ਰੋਹਿਤ, "ਕਿਉਂਕਿ ਕੱਲ੍ਹ ਉਸ ਦਾ ਨਤੀਜਾ ਆਉਣਾ ਹੈ ਅਤੇ ਮੈਂ ਕੁਝ ਦਿਨਾਂ ਲਈ ਬਾਹਰ ਜਾ ਰਿਹਾ ਹਾਂ।"

*********

ਪਤਨੀ, "ਤੁਸੀਂ ਤਾਂ ਕਿਹਾ ਸੀ ਕਿ ਦੀਵਾਲੀ ਦੇ ਦਿਨਾਂ ਵਿੱਚ ਸ਼ਰਾਬ ਬਿਲਕੁਲ ਨਹੀਂ ਪੀਓਗੇ?"

ਪਤੀ, "ਹਾਂ, ਹਾਂ! ਕਿਹਾ ਸੀ, ਪਰ ਰਾਕੇਟ ਚਲਾਉਣ ਲਈ ਖਾਲੀ ਬੋਤਲ ਤਾਂ ਚਾਹੀਦੀ ਹੈ ਨਾ।"

*********

ਇੱਕ ਵਾਰ ਭੂਚਾਲ ਦੇ ਝਟਕੇ ਨਾਲ ਪਲੰਘ 'ਤੇ ਸੁੱਤੀ ਹੋਈ ਔਰਤ ਹੇਠਾਂ ਡਿੱਗ ਪਈ ਤਾਂ ਪਤੀ ਨੇ ਪੁੱਛਿਆ, "ਕੀ ਹੋਇਆ ਭਾਗਵਾਨੇ?"

ਪਤਨੀ ਬੋਲੀ, "ਭੂਚਾਲ ਦਾ ਝਟਕਾ ਆਉਣ ਨਾਲ ਮੈਂ ਡਿੱਗ ਗਈ।"

ਪਤੀ, "ਭੂਚਾਲ ਦੇ ਝਟਕੇ ਨਾਲ ਤੂੰ ਡਿੱਗੀ ਜਾਂ ਤੇਰੇ ਡਿੱਗਣ ਨਾਲ ਭੂਚਾਲ ਆ ਗਿਆ।"

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਲਗਾਈ ਗਈ 'ਨਿਊਟਰੀਐਂਸ ਓਕਵਿਲ ਹਾਫ਼-ਮੈਰਾਥਨ ਵਰਚੂਅਲ ਰੇਸ'

ਬਰੈਂਪਟਨ, (ਡਾ. ਝੰਡ) -ਕਰੋਨਾ ਦੇ ਚੱਲ ਰਹੇ ਅਜੋਕੇ ਪ੍ਰਕੋਪ ਕਾਰਨ ਇਸ ਸਾਲ ਮਾਰਚ ਮਹੀਨੇ ਦੇ ਤੀਸਰੇ ਹਫ਼ਤੇ ਤੋਂ ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਬੰਦ ਹੋ ਜਾਣ ਦੇ ਨਾਲ਼ ਨਾਲ਼ ਇਸ ਸਾਲ ਦੌੜਾਂ ਦੇ ਈਵੈਂਟ ਵੀ ਨਹੀਂ ਕਰਵਾਏ ਜਾ ਰਹੇ। 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਵਰਗੇ ਅੰਤਰ-ਰਾਸ਼ਟਰੀ ਈਵੈਂਟ ਵੀ ਏਸੇ ਕਾਰਨ ਕੈਂਸਲ ਕਰ ਦਿੱਤੇ ਗਏ ਹਨ ਅਤੇ ਹੁਣ ਇਹ ਅਕਤੂਬਰ ਮਹੀਨੇ ਦੌਰਾਨ ਕੇਵਲ ਵਰਚੂਅਲ ਰੂਪ ਵਿਚ ਹੀ ਕਰਵਾਏ ਜਾ ਰਹੇ ਹਨ।



ਇਸ ਸਿਲਸਿਲੇ ਵਿਚ ਬੀਤੇ ਐਤਵਾਰ 20 ਸਤੰਬਰ ਨੂੰ 'ਨਿਊਟਰੀਐਂਸ ਓਕਵਿਲ ਹਾਫ਼-ਮੈਰਾਥਨ' ਜੋ ਕਿ ਆਮ ਤੌਰ 'ਤੇ ਸਤੰਬਰ ਦੇ ਅਖ਼ੀਰਲੇ ਐਤਵਾਰ ਜਾਂ ਅਕਤੂਬਰ ਦੇ ਪਹਿਲੇ ਐਤਵਾਰ ਓਕਵਿਲ ਵਿਖੇ ਆਯੋਜਿਤ ਕੀਤੀ ਜਾਂਦੀ ਹੈ, ਦੀ ਵਰਚੂਅਲ ਰੇਸ ਵਿਚ ਸ਼ਾਮਲ ਹੋਣ ਲਈ ਬਰੈਂਪਟਨ ਦੇ ਤਿੰਨ ਦੌੜਾਕ ਸੰਜੂ ਗੁਪਤਾ, ਨਰਿੰਦਰਪਾਲ ਬੈਂਸ ਅਤੇ ਉਨ੍ਹਾਂ ਦੇ ਸਪੁੱਤਰ ਗੁਰਜੱਸ ਬੈਂਸ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਪਹੁੰਚੇ। ਉਨ੍ਹਾਂ ਨੇ ਇਸ ਪਾਰਕ ਦੇ ਆਲੇ-ਦੁਆਲੇ ਕਈ ਚੱਕਰ ਲਗਾ ਕੇ ਇਸ ਹਾਫ਼-ਮੈਰਾਥਨ ਵਰਚੂਅਲ ਦੌੜ ਵਿਚ ਆਪਣਾ ਯੋਗਦਾਨ ਪਾਇਆ। ਸੰਜੂ ਗੁਪਤਾ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਸ ਨੇ ਇਹ ਹਾਫ਼-ਮੈਰਾਥਨ 2 ਘੰਟੇ 40 ਮਿੰਟ ਵਿਚ ਲਗਾਈ ਅਤੇ ਨਰਿੰਦਰਪਾਲ ਬੈਂਸ ਤੇ ਗੁਰਜੱਸ ਬੈਂਸ ਨੇ ਇਸ ਦੌੜ ਵਿਚ ਕੁਝ ਸਮੇਂ ਲਈ ਉਨ੍ਹਾਂ ਦਾ ਸਾਥ ਦੇ ਕੇ ਉਨ੍ਹਾਂ ਦੀ ਖ਼ੂਬ ਹੌਸਲਾ-ਅਫ਼ਜ਼ਾਈ ਕੀਤੀ। ਮੌਸਮ ਸੁਹਾਵਣਾ ਹੋਣ ਕਾਰਨ ਉਨ੍ਹਾਂ ਤਿੰਨਾਂ ਨੇ ਇਸ ਵਰਚੂਅਲ ਦੌੜ ਦਾ ਖ਼ੂਬ ਅਨੰਦ ਮਾਣਿਆਂ। ਸੰਜੂ ਗੁਪਤਾ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਓਕਵਿਲ ਵਿਚ ਹੋਣ ਵਾਲੀ ਇਸ ਹਾਫ਼ ਮੈਰਾਥਨ ਵਿਚ ਲਗਾਤਾਰ ਭਾਗ ਲੈਂਦੇ ਆ ਰਹੇ ਹਨ ਪਰ ਇਸ ਵਾਰ ਉਨ੍ਹਾਂ ਇਸ ਵਿਚ ਵਰਚੂਅਲ ਰੂਪ ਵਿਚ ਹੀ ਹਿੱਸਾ ਲਿਆ।

ਉਨ੍ਹਾਂ ਹੋਰ ਦੱਸਿਆ ਕਿ ਇਸ ਵਾਰ ਸਕੋਸ਼ੀਆਬੈਂਕ-ਵਾਟਰਫ਼ਰੰਟ ਮੈਰਾਥਨ ਵਾਂਗ ਕਈ ਹੋਰ ਦੌੜਾਂ, ਜਿਵੇਂ ਕਿ ਕਾਲਿੰਗਵੁੱਡ ਹਾਫ਼ ਮੈਰਾਥਨ, ਲੰਡਨ ਸਪਰਿੰਗਬੈਂਕ ਹਾਫ਼-ਮੈਰਾਥਨ, ਨਿਆ-ਗਰਾ ਫ਼ਾਲ ਹਾਫ਼ ਮੈਰਾਥਨ, ਹੈਮਿਲਟਨ ਹੋਪ ਮੈਰਾਥਨ ਵੀ ਵਰਚੂਅਲ ਰੂਪ ਵਿਚ ਹੀ ਹੋਣਗੀਆਂ ਜਿਨ੍ਹਾਂ ਵਿਚ ਵੀ ਉਹ ਏਸੇ ਤਰ੍ਹਾਂ ਦੌੜ ਕੇ ਆਪਣੀ ਸ਼ਮੂਲੀਅਤ ਦਰਜ ਕਰਵਾਉਂਦੇ ਰਹਿਗੇ। ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ ਦੀ ਤਿਆਰੀ ਲਈ ਅਗਲੇ ਹਫ਼ਤੇ ਉਹ ਟੀ.ਪੀ.ਏ.ਆਰ. ਕਲੱਬ ਦੇ ਸਾਥੀ ਮੈਂਬਰਾਂ ਨਾਲ ਪ੍ਰੈਕਟਿਸ ਲਈ ਕਿਸੇ ਟਰੇਲ 'ਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 11 ਅਕਤੂਬਰ ਨੂੰ ਇਹ 'ਵਰਚੂਅਲ ਸਕੋਸ਼ੀਆਬੈਂਕ-ਵਾਟਰਫ਼ਰੰਟ ਮੈਰਾਥਨ' ਕੈਲਾਡਨ ਟਰੇਲ ਉੱਪਰ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਉਹ ਆਪਣੇ ਟੀ.ਪੀ.ਏ.ਆਰ. ਕਲੱਬ ਦੇ ਸਾਥੀ ਮੈਂਬਰਾਂ ਦੇ ਨਾਲ ਭਾਗ ਲੈਣਗੇ ਅਤੇ ਉਸ ਤੋਂ ਅਗਲੇ ਐਤਵਾਰ 18 ਅਕਤੂਬਰ ਨੂੰ 'ਐਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਵਰਚੂਅਲ ਦੌੜ ਵਿਚ ਹਿੱਸਾ ਲੈਣਗੇ।


ਉਨ੍ਹਾਂ ਕਿਹਾ ਕਿ ਬੇਸ਼ਕ ਵਰਚੂਅਲ ਦੌੜ ਵਿਚ ਅਸਲੀ ਦੌੜ ਵਾਲੀ ਗੱਲ ਤਾਂ ਨਹੀਂ ਬਣਦੀ ਪਰ ਫਿਰ ਵੀ ਕੁਝ ਨਾ ਕੁਝ ਕੀਤੇ ਜਾਣ ਦਾ ਅਹਿਸਾਸ ਤਾਂ ਦਿਲ ਵਿਚ ਜ਼ਰੂਰ ਆਉਂਦਾ ਹੈ ਅਤੇ ਕਰੋਨਾ ਦੇ ਚੱਲ ਰਹੇ ਇਨ੍ਹਾਂ ਦਿਨਾਂ ਵਿਚ ਇਹ ਏਨਾ ਹੀ ਕਾਫ਼ੀ ਹੈ। ਆਉਣ ਵਾਲੇ ਸਮੇਂ ਵਿਚ ਕਦੇ ਤਾਂ ਕਰੋਨਾ ਖ਼ਤਮ ਹੋਵੇਗਾ ਹੀ ਅਤੇ ਭਲੇ ਦਿਨ ਜ਼ਰੂਰ ਆਉਣਗੇ ਦਿਨ ਠੀਕ ਹੋ ਜਾਣ 'ਤੇ ਉਦੋਂ ਅਸਲੀ ਦੌੜਨ ਦੀ ਚਾਹਤ ਅਤੇ ਮਨ ਦੀ ਖੁਸ਼ੀ ਪੂਰੀ ਕਰ ਲਈ ਜਾਏਗੀ।

ਫਾਰਮ ਵਿਚ ਕਾਮਿਆਂ ਦੀ ਲੋੜ

ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।

ਸੰਪਰਕ: 647 765 4145

# ਫਸੇ ਹੋਣ ਦੇ ਬਾਵਜੂਦ ਬਾਦਲ ਅਕਾਲੀ ਦਲ ਲਈ ਭਾਜਪਾ ਗੱਠਜੋੜ ਨੂੰ ਛੱਡਣਾ ਸੌਖਾ ਨਹੀਂ



ਜਤਿੰਦਰ ਪੰਨੂ

ਪੰਜਾਬ ਦੀ ਰਾਜਨੀਤੀ ਇੱਕ ਨਵਾਂ ਮੋੜ ਕੱਟ ਗਈ ਹੈ। ਕੇਂਦਰ ਸਰਕਾਰ ਦੇ ਕਿਸਾਨੀ ਜਿਨਸਾਂ ਬਾਰੇ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਕਹਿੰਦੇ-ਕਹਿੰਦੇ ਬਾਦਲ ਅਕਾਲੀ ਦਲ ਦੇ ਆਗੂ ਇਹ ਮੰਨਣ ਲਈ ਮਜਬੂਰ ਹੋ ਗਏ ਕਿ ਇਨ੍ਹਾਂ ਨਾਲ ਕਿਸਾਨਾਂ ਦਾ ਭਲਾ ਨਹੀਂ ਹੋ ਸਕਦਾ ਅਤੇ ਇਸੇ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਵਿੱਚੋਂ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਦਿਵਾਉਣ ਦਾ ਫੈਸਲਾ ਲੈ ਲਿਆ। ਜਾਣਕਾਰ ਦੱਸਦੇ ਹਨ ਕਿ ਕੁਰਸੀ ਦੇ ਮੋਹ ਕਾਰਨ ਬੀਬੀ ਹਰਸਿਮਰਤ ਕੌਰ ਅਜੇ ਵੀ ਗੱਦੀ ਨਹੀਂ ਸੀ ਛੱਡਣਾ ਚਾਹੁੰਦੀ, ਪਰ ਚੁਫੇਰਿਉਂ ਪਏ ਦਬਾਅ ਤੇ ਪਿੰਡ ਬਾਦਲ ਵਿੱਚ ਹਵੇਲੀ ਅੱਗੇ ਕਿਸਾਨਾਂ ਦਾ ਧਰਨਾ ਲੱਗਣ ਨੇ ਉਨ੍ਹਾਂ ਨੂੰ ਕੰਬਣ ਲਾ ਦਿੱਤਾ ਸੀ। ਪੁੱਤਰ ਅਤੇ ਨੂੰਹ ਦੇ ਦਬਾਅ ਹੇਠ ਇੱਕ ਵੀਡੀਓ ਜਾਰੀ ਕਰਨ ਤੇ ਕੇਂਦਰ ਦੇ ਬਿੱਲਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਦੱਸਣ ਵਾਲਾ ਬਾਪੂ ਬਾਦਲ ਪੰਜਾਬ ਤੋਂ ਖਿਸਕ ਕੇ ਹਰਿਆਣੇ ਵਿਚਲੇ ਬਾਲਾਸਰ ਵਾਲੇ ਫਾਰਮ ਉੱਤੇ ਜਾ ਬੈਠਾ ਤੇ ਆਮ ਅਕਾਲੀ ਆਗੂ ਲੋਕਾਂ ਵਿੱਚ ਜਾਣ ਤੋਂ ਪਾਸ ਵੱਟਣ ਲੱਗੇ ਸਨ। ਇਸ ਤਰ੍ਹਾਂ ਜਿਹੜੇ ਹਾਲਾਤ ਵਿੱਚ ਅਕਾਲੀ ਦਲ ਉਲਝ ਗਿਆ ਸੀ, ਉਸ ਕੋਲ ਅਸਤੀਫੇ ਤੋਂ ਸਿਵਾ ਕੋਈ ਹੋਰ ਰਾਹ ਵੀ ਨਹੀਂ ਬਚਦਾ, ਪਰ ਅਸਤੀਫਾ ਦੇਣ ਪਿੱਛੋਂ ਵੀ ਜੋ ਕੁਝ ਬਾਦਲ ਜੋੜੀ ਨੇ ਕਿਹਾ ਹੈ, ਉਹ ਸਾਫ ਨੀਤ ਵਾਲਾ ਨਹੀਂ ਜਾਪਦਾ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਦੋਵਾਂ ਨੇ ਫਿਰ ਕਿਹਾ ਹੈ ਕਿ ਬਿੱਲ ਤਾਂ ਕਿਸਾਨਾਂ ਦੇ ਹਿੱਤ ਵਾਲੇ ਹੀ ਸਨ, ਅਸੀਂ ਕਿਸਾਨਾਂ ਨੂੰ ਇਹ ਗੱਲ ਸਮਝਾ ਨਹੀਂ ਸਕੇ। ਦੂਸਰੀ ਗੱਲ ਇਹ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਛੱਡੀ ਹੈ, ਭਾਜਪਾ ਗੱਠਜੋੜ ਦੀ ਸਾਂਝ ਹਾਲੇ ਵੀ ਨਹੀਂ ਛੱਡੀ, ਤੇ ਸਮਝਿਆ ਜਾਂਦਾ ਹੈ ਕਿ ਛੱਡਣੀ ਵੀ ਉਨ੍ਹਾਂ ਲਈ ਸੌਖੀ ਨਹੀਂ। ਜੇ ਭਾਜਪਾ ਨੂੰ ਛੱਡ ਦੇਣ ਤਾਂ ਪੰਜਾਬ ਵਿੱਚ ਉਨ੍ਹਾਂ ਦੇ ਨਾਲ ਤੁਰਨ ਵਾਲਾ ਵੀ ਕੌਣ ਬਚਿਆ ਹੈ, ਇਸ ਲਈ ਉਹ ਸਾਂਝ ਰੱਖਣ ਦਾ ਯਤਨ ਕਰਨਗੇ। ਭਾਜਪਾ ਦੇ ਲੀਡਰਾਂ ਨੇ ਵੀ ਇਸ ਮਸਲੇ ਬਾਰੇ ਕੋਈ ਓਹਲਾ ਰੱਖਣ ਦੀ ਥਾਂ ਸਾਫ ਕਿਹਾ ਹੈ ਕਿ ਹਰਸਿਮਰਤ ਕੌਰ ਦਾ ਕੇਂਦਰ ਸਰਕਾਰ ਛੱਡਣਾ ਸਿਰਫ ਇੱਕ ਸਿਆਸੀ ਫੈਸਲਾ ਹੈ, ਉਂਜ ਉਹ ਭਾਜਪਾ ਗੱਠਜੋੜ ਦਾ ਹਿੱਸਾ ਹੀ ਹਨ। ਅਸਲ ਗੱਲ ਵੀ ਇਹੋ ਹੈ।

ਅਕਾਲੀ ਦਲ ਇਸ ਵੇਲੇ ਬੜੀ ਬੁਰੀ ਤਰ੍ਹਾਂ ਫਸ ਗਿਆ ਹੈ। ਉਸ ਦੀ ਮੁਸ਼ਕਲ ਰਾਜਸੀ ਖੇਤਰ ਵਿੱਚ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ ਨੇ ਸਿਖਰ ਤੱਕ ਪੁਚਾਈ ਪਈ ਹੈ ਤੇ ਧਾਰਮਿਕ ਖੇਤਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਦਾ ਮਾਮਲਾ ਉਨ੍ਹਾਂ ਲਈ ਸ਼ਰਮਿੰਦਗੀ ਦਾ ਕਾਰਨ ਬਣਿਆ ਪਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਜਿਨ੍ਹਾਂ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਕਮੇਟੀ ਨਿਯੁਕਤ ਕਰਦੀ ਹੈ, ਉਨ੍ਹਾਂ ਹੀ ਪੰਜਾਂ ਸਿੰਘ ਸਾਹਿਬਾਨ ਨੂੰ ਇਸ ਸ਼੍ਰੋਮਣੀ ਕਮੇਟੀ ਦੀ ਸਾਰੀ ਐਗਜ਼ੈਕਟਿਵ ਕਮੇਟੀ, ਜਿਸ ਨੂੰ ਅੰਤ੍ਰਿਮ ਕਮੇਟੀ ਕਿਹਾ ਜਾਂਦਾ ਹੈ, ਨੂੰ ਕਟਹਿਰੇ ਵਿੱਚ ਖੜਾ ਕਰਨਾ ਅਤੇ ਤਨਖਾਹ ਲਾਉਣੀ ਪਈ ਹੈ। ਇਸ ਕਾਰਵਾਈ ਦੇ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਭਾਸ਼ਾ ਗਰਮ, ਪਰ ਸਜ਼ਾ ਵਿੱਚ ਅਜੇ ਵੀ ਨਰਮੀ ਦੱਸਦੀ ਹੈ ਕਿ ਸਾਰਾ ਕੁਝ ਪਹਿਲਾਂ ਤੈਅ ਕੀਤਾ ਹੋਇਆ ਸੀ। ਇਸ ਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਗੁੰਮ ਹੋਣ ਦੇ ਮਾਮਲੇ ਦੀ ਜਾਂਚ ਵਿੱਚ ਜੋ ਕੁਝ ਬਾਹਰ ਆ ਚੁੱਕਾ ਸੀ, ਉਸ ਪਿੱਛੋਂ ਸ੍ਰੀ ਅਕਾਲ ਤਖਤ ਤੋਂ ਜਾਰੀ ਹੋਏ ਆਦੇਸ਼ ਦੇ ਮੁਤਾਬਕ ਮੁੱਢਲੇ ਤੌਰ ਉੱਤੇ ਖੁਦ ਕੀਤੇ



ਗਏ ਫੈਸਲਿਆਂ ਤੋਂ ਵੀ ਸ਼੍ਰੋਮਣੀ ਕਮੇਟੀ ਵਾਲੇ ਲੀਡਰ ਭੱਜ ਖੜੋਤੇ ਸਨ ਤੇ ਇਸ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਦਫਤਰ ਅੱਗੇ ਵੀ ਧਰਨਾ ਲੱਗਾ ਪਿਆ ਸੀ। ਏਦਾਂ ਵਧਿਆ ਦਬਾਅ ਹੋਰ ਕਿਸੇ ਤਰ੍ਹਾਂ ਜਦੋਂ ਟਾਲਣਾ ਮੁਸ਼ਕਲ ਸੀ ਤਾਂ ਪਹਿਲਾਂ ਤੈਅ ਫਾਰਮੂਲੇ ਦੇ ਮੁਤਾਬਕ ਸਹਿੰਦੀ-ਸਹਿੰਦੀ ਤਨਖਾਹ ਲਾਉਣ ਦੀ ਕਾਰਵਾਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੋਂ ਕਰਵਾ ਕੇ ਡੰਗ ਸਾਰਨ ਦਾ ਯਤਨ ਕੀਤਾ ਗਿਆ ਹੈ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਜਿਹੜੀ ਗੱਲ ਅਜੇ ਤੱਕ ਲੁਕੀ ਸੀ, ਉਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪਣ ਦੀ ਸੇਵਾ ਤੋਂ ਵਿਹਲੇ ਹੋਏ ਕੰਵਲਜੀਤ ਸਿੰਘ ਨੇ ਇੱਕ ਦਿਨ ਪਹਿਲਾਂ ਇੱਕ ਵੀਡੀਓ ਜਾਰੀ ਕਰ ਕੇ ਜ਼ਾਹਰ ਕਰ ਦਿੱਤੀ ਤੇ ਕਈ ਵੱਡੇ ਲੋਕ ਫਸਾ ਦਿੱਤੇ ਸਨ। ਉਸ ਨੇ ਇਸ ਵੀਡੀਓ ਵਿੱਚ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਅਤੇ ਅਫਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਈ ਪਰਚੀਆਂ ਆਉਂਦੀਆਂ ਸਨ ਕਿ ਫਲਾਣੇ ਨੂੰ ਦੇ ਦਿਓ ਤੇ ਰਿਕਾਰਡ ਵਿੱਚ ਦਰਜ ਨਹੀਂ ਕਰਨੇ। ਉਸ ਨੇ ਕਿਹਾ ਕਿ ਏਦਾਂ ਦੀ ਅਣ-ਅਧਿਕਾਰਤ ਕੱਚੀਆਂ ਪਰਚੀਆਂ ਉਸ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਵੀਡੀਓ ਨਾਲ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿੱਚ ਭਾਜੜ ਪੈ ਗਈ ਕਿ ਪਰਚੀਆਂ ਜਿਨ੍ਹਾਂ ਨੇ ਭੇਜੀਆਂ ਸਨ, ਜਦੋਂ ਫਸਣ ਲੱਗੇ ਤਾਂ ਕੰਵਲਜੀਤ ਸਿੰਘ ਵਾਂਗ ਉਨ੍ਹਾਂ ਲੋਕਾਂ ਨੇ ਵੀ ਅੱਗੋਂ ਅਕਾਲੀ ਦਲ ਦੀ ਲੀਡਰਸ਼ਿਪ ਵੱਲ ਉਂਗਲਾਂ ਕਰ ਦੇਣੀਆਂ ਸਨ।

ਇਸ ਦੌਰਾਨ ਇੱਕ ਤੀਸਰੇ, ਪਰ ਇਨ੍ਹਾਂ ਸਾਰਿਆਂ ਤੋਂ ਪਹਿਲਾਂ ਦੇ ਮਾਮਲੇ ਨੇ ਵੀ ਅਕਾਲੀ ਦਲ ਲਈ ਫਿਕਰੰਦੀ ਦਾ ਨਵਾਂ ਮੁੱਦਾ ਪੇਸ਼ ਕਰ ਦਿੱਤਾ ਹੈ। ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਟੀਮ ਦੇ ਸੀਨੀਅਰ ਅਧਿਕਾਰੀ ਨੇ ਅਦਾਲਤ ਵਿੱਚ ਇਹ ਗੱਲ ਕਹਿ ਦਿੱਤੀ ਹੈ ਕਿ ਗੋਲੀ ਕਾਂਡ ਦੀ ਸਾਜਿਸ਼ ਉਸ ਵੇਲੇ ਦੇ ਪੰਜਾਬ ਪੁਲਸ ਦੇ ਮੁਖੀ ਸੁਮੇਧ ਸੈਣੀ ਨੇ ਰਚੀ ਸੀ ਤੇ ਇਸ ਵਿੱਚ ਇੱਕ ਵੱਡੇ ਸਿਆਸੀ ਆਗੂ ਦਾ ਨਾਂਅ ਵੀ ਆਉਂਦਾ ਹੈ। ਉਹ ਵੱਡਾ ਸਿਆਸੀ ਆਗੂ ਕੌਣ ਹੈ, ਮੂੰਹੋਂ ਭਾਵੇਂ ਕੋਈ ਨਹੀਂ ਬੋਲਦਾ, ਪਰ ਸਭ ਨੂੰ ਪਤਾ ਹੈ ਕਿ ਓਦੋਂ ਪੰਜਾਬ ਦੀ ਸਰਕਾਰ ਅਤੇ ਪੁਲਸ ਕਿਹੜੇ ਵੱਡੇ ਸਿਆਸੀ ਆਗੂ ਦੇ ਇਸ਼ਾਰੇ ਉੱਤੇ ਚੱਲਦੀ ਹੁੰਦੀ ਸੀ। ਅਦਾਲਤ ਵਿੱਚ ਵਿਸ਼ੇਸ਼ ਜਾਚ ਟੀਮ ਦੇ ਡਿਪਟੀ ਚੀਫ ਵੱਲੋਂ ਕਹੀ ਇਸ ਗੱਲ ਤੋਂ ਬਾਅਦ ਇਹ ਸਮਝਿਆ ਜਾ ਰਿਹਾ ਹੈ ਕਿ ਜਾਂਚ ਟੀਮ ਉਸ ਵੱਡੇ ਲੀਡਰ ਨੂੰ ਕਿਸੇ ਵਕਤ ਵੀ ਇਸ ਕੇਸ ਵਿੱਚ ਸੱਦ ਕੇ ਬਿਆਨ ਲੈਣ ਨੂੰ ਕਹਿ ਸਕਦੀ ਹੈ ਜਾਂ ਫਿਰ ਅਦਾਲਤ ਤੋਂ ਉਸ ਨੂੰ ਫੜਨ ਲਈ ਵਾਰੰਟ ਲੈਣ ਲਈ ਅਰਜ਼ੀ ਪੇਸ਼ ਕਰ ਸਕਦੀ ਹੈ। ਪਿਛਲਾ ਤਜਰਬਾ ਇਹੋ ਦੱਸਦਾ ਹੈ ਕਿ ਏਦਾਂ ਦੀ ਅਰਜ਼ੀ ਉੱਤੇ ਅਦਾਲਤ ਨੂੰ ਵੀ ਕੋਈ ਬਹੁਤਾ ਇਤਰਾਜ਼ ਨਹੀਂ ਹੋਣਾ ਅਤੇ ਉਸ ਹਾਲਤ ਵਿੱਚ ਅਕਾਲੀ ਲੀਡਰਸ਼ਿਪ ਹੋਰ ਵੀ ਫਸ ਜਾਵੇਗੀ।

ਏਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਇੱਕ ਵੀ ਸਿਆਸੀ ਧਿਰ ਅਕਾਲੀ ਦਲ ਦੇ ਨਾਲ ਖੜੋਣ ਵਾਲੀ ਨਹੀਂ ਲੱਭਦੀ ਤੇ ਇੱਕੋ ਆਸਰਾ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਚਲਾ ਰਹੇ ਪ੍ਰਧਾਨ ਮੰਤਰੀ ਵੱਲੋਂ ਬਚਦਾ ਹੈ। ਭਾਜਪਾ ਲੀਡਰਸ਼ਿਪ ਅਜੇ ਤੱਕ ਇਸ ਸਾਰੇ ਕੇਸ ਤੋਂ ਨਿਰਲੇਪ ਬੈਠੀ ਜਾਪਦੀ ਹੈ, ਪਰ ਅੰਦਰੋਂ ਸਿਰਸੇ ਡੇਰੇ ਦੇ ਮੁਖੀ ਨਾਲ ਸਾਂਝ ਪਾਲਣ ਅਤੇ ਬਹੁਤੇ ਫਸਦੇ ਵੇਖ ਕੇ ਅਕਾਲੀਆਂ ਤੋਂ ਤਰਲੇ ਕਢਾਉਣ ਪਿੱਛੋਂ ਉਨ੍ਹਾਂ ਦੀ ਮਦਦ ਕਰਨ ਲਈ ਆ ਸਕਦੀ ਹੈ। ਅੱਜ ਨਹੀਂ ਤਾਂ ਕੱਲ੍ਹ-ਕਲੋਤਰ ਨੂੰ ਅਕਾਲੀ ਲੀਡਰਸ਼ਿਪ ਨੂੰ ਇਹ ਲੋੜ ਪੈ ਸਕਦੀ ਹੈ, ਜਿਸ ਦਾ ਖਿਆਲ ਕਰ ਕੇ ਅਕਾਲੀ ਲੀਡਰਸ਼ਿਪ ਨੇ ਇਸ ਵੇਲੇ ਕੇਂਦਰ ਦੀ ਸਰਕਾਰ ਬੇਸ਼ੱਕ ਛੱਡ ਦਿੱਤੀ ਹੈ, ਭਾਜਪਾ ਗੱਠਜੋੜ ਛੱਡਣ ਦਾ ਫੈਸਲੇ ਲੈਣੋਂ ਤ੍ਰਹਿਕਦੀ ਹੈ। ਪਾਰਟੀ ਦੇ ਅੰਦਰੋਂ ਲੀਡਰਸ਼ਿਪ ਉੱਤੇ ਦਬਾਅ ਵਧ ਰਿਹਾ ਹੈ ਕਿ ਭਾਜਪਾ ਗੱਠਜੋੜ ਛੱਡ ਦੇਣਾ ਬਿਹਤਰ ਹੈ, ਪਰ ਤਿੰਨਾਂ ਲੀਡਰਾਂ ਦੀ ਹਾਈ ਕਮਾਨ ਗਿਣਿਆ ਜਾਂਦਾ ਬਾਦਲ ਪਰਵਾਰ ਇਸ ਬਾਰੇ ਸੋਚਦਾ ਜਾਪਦਾ ਹੈ ਕਿ ਜੇ ਮੋਦੀ ਦੀ ਮਿਹਰ ਨਾ ਰਹੀ ਤਾਂ ਉਨ੍ਹਾਂ ਦਾ ਬਣੇਗਾ ਕੀ? ਇਸ ਕਰ ਕੇ ਬਹੁਤੀ ਸੰਭਾਵਨਾ ਇਹੋ ਹੈ ਕਿ ਵਕਤੀ ਤੌਰ ਉੱਤੇ ਅਕਾਲੀ ਲੀਡਰਸ਼ਿਪ ਬੇਸ਼ਕ ਭਾਜਪਾ ਨੂੰ 'ਮੈਚ ਫਿਕਸਿੰਗ' ਕਰ ਕੇ ਲੋੜ ਜੋਗਾ ਭੰਡਦੀ ਵੀ ਰਹੇ, ਅਮਲ ਵਿੱਚ ਉਸ ਦਾ ਪੱਲਾ ਨਹੀਂ ਛੱਡਣ ਲੱਗੀ।

# ਸਵਾਲਾਂ ਦੇ ਘੇਰੇ ਵਿੱਚ ਅਮਰੀਕੀ ਉੱਤਮਤਾ

-ਹਰਸ਼ ਵੀ ਪੰਤ

ਜਦੋਂ ਅਮਰੀਕੀ ਰਾਸ਼ਟਰਪਤੀ ਚੋਣ ਦੀ ਘੜੀ ਨੇੜੇ ਆਉਂਦੀ ਜਾ ਰਹੀ ਹੈ, ਉਦੋਂ ਉਥੇ ਕੁਝ ਵੀ ਸਹੀ ਹੁੰਦਾ ਨਹੀਂ ਦਿੱਸ ਰਿਹਾ। ਉਦਾਰ ਲੋਕਤੰਤਰ ਦੀ ਮਿਸਾਲ ਬਾਰੇ ਸ਼ੰਕੇ ਉਠ ਰਹੇ ਹਨ ਕਿ ਕੀ ਉਥੇ ਨਵੰਬਰ ਵਿੱਚ ਆਉਣ ਵਾਲੇ ਲੋਕ ਫਤਵੇ ਦਾ ਸਨਮਾਨ ਕੀਤਾ ਜਾਵੇਗਾ? ਉਸ ਨਾਲ ਹਿੰਸਾ ਭੜਕਣ ਦਾ ਡਰ ਹੈ, ਜੋ ਪਹਿਲਾਂ ਹੀ ਧਰੁਵੀਕਰਨ ਨੂੰ ਹਵਾ ਦੇ ਰਹੀ ਹੈ। ਅਸਲ ਵਿੱਚ ਕੁਝ ਮੋਰਚਿਆਂ 'ਤੇ ਹਾਲਾਤ ਹੱਥੋਂ ਨਿਕਲ ਗਏ ਹਨ। ਮਿਸਾਲ ਵਜੋਂ ਕੋਵਿਡ-19 ਨਾਲ ਨਜਿੱਠਣ ਬਾਰੇ ਅਮਰੀਕਾ ਦੀ ਰਣਨੀਤੀ। ਇਹ ਇੰਨੀ ਲਾਪਰਵਾਹੀ ਵਾਲੀ ਰਹੀ ਕਿ ਕੋਈ ਅਮਰੀਕਾ ਤੋਂ ਜਵਾਬ ਦੀ ਆਸ ਤੱਕ ਨਹੀਂ ਰੱਖਦਾ। ਜਨਵਰੀ ਵਿੱਚ ਚੀਨ ਦੇ ਵੁਹਾਨ ਵਿੱਚੋਂ ਕੋਰੋਨਾ ਵਾਇਰਸ ਦੇ ਕਾਰਨ ਫੈਲੀ ਬਿਮਾਰੀ ਫਰਵਰੀ ਦੇ ਅੰਤ ਤੱਕ ਇੱਕ ਵਿਸ਼ੇਸ਼ ਮਹਾਮਾਰੀ ਵਿੱਚ ਬਦਲ ਗਈ। ਕਾਰਗਰ ਇਲਾਜ ਦੀ ਘਾਟ ਵਿੱਚ ਉਸ ਨਾਲ ਨਜਿੱਠਣ ਲਈ ਸਮੁੱਚੇ ਅਰਥਚਾਰੇ ਨੂੰ ਬੰਦ ਕਰਨ ਦੇ ਇਲਾਵਾ ਕੋਈ ਬਦਲ ਨਹੀਂ ਸੀ। ਸਿੱਟੇ ਵਜੋਂ ਅੱਜ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਮਹਾਮੰਦੀ ਦੇ ਪੱਧਰ ਜਿੰਨੀ ਵੱਡੀ ਹੋ ਗਈ ਹੈ। ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਲਗਭਗ ਇੱਕ ਲੱਖ ਛੋਟੇ ਕਾਰੋਬਾਰ ਬੰਦ ਹੋਣ ਦੇ ਕੰਢੇ ਪੁੱਜ ਗਏ ਹਨ। ਉਥੇ ਵਪਾਰ ਤੇ ਤਕਨੀਕ ਦੇ ਮੋਰਚੇ 'ਤੇ ਚੀਨ ਨਾਲ ਸੰਘਰਸ਼ ਵਿਸ਼ਵ ਵਿਆਪੀ ਰਾਜਨੀਤੀ ਦਾ ਬੁਨਿਆਦੀ ਟਕਰਾਅ ਬਣ ਗਿਆ ਹੈ ਜਿਸ ਵਿੱਚ ਸੁਲ੍ਹਾ ਦੀ ਕੋਈ ਸੰਭਾਵਨਾ ਨਹੀਂ ਦਿਖਾਈ ਦੇ ਰਹੀ। ਅਮਰੀਕਾ ਵਿੱਚ ਕੋਰੋਨਾ ਅਜੇ ਵੀ ਕੋਹਰਾਮ ਮਚਾ ਰਿਹਾ ਹੈ। ਉਸ ਤੋਂ ਰਾਹਤ ਦੀਆਂ ਦੂਰ-ਦੂਰ ਤੱਕ ਸੰਭਾਵਨਾਵਾਂ ਨਹੀਂ ਦਿੱਸ ਰਹੀਆਂ ਹਨ। ਇਸ ਮਹਾਮਾਰੀ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਤੋਂ ਰਾਜਨੀਤਕ ਲੀਡਰਸ਼ਿਪ ਲਾਚਾਰ ਦਿੱਸਦੀ ਹੈ। ਅਜਿਹੇ ਵਿੱਚ ਅਮਰੀਕਾ ਵੱਲੋਂ ਖੁਦ ਲਈ ਘੜਿਆ ਗਿਆ ਵਿਸ਼ਵ ਨੇਤਾ ਦਾ ਅਕਸ ਤਾਰ-ਤਾਰ ਹੁੰਦਾ ਦਿਖਾਈ ਦੇਂਦਾ ਹੈ। ਇਸ ਆਫਤ ਨੇ ਕਲਿਆਣਕਾਰੀ ਰਾਜ ਵਜੋਂ ਅਮਰੀਕਾ ਦੀ ਕਮਜ਼ੋਰੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਤੇ ਹਾਲਾਤ ਨਾਲ ਨਜਿੱਠਣ ਵਿੱਚ ਲਾਚਾਰ ਨੀਤੀਆਂ ਨੇ ਮੌਜੂਦਾ ਸੰਕਟ ਨੂੰ ਹੋਰ ਵਿਕਰਾਲ ਬਣਾ ਦਿੱਤਾ ਹੈ। ਅਮਰੀਕਾ ਵਿੱਚ ਲਗਭਗ 43 ਫੀਸਦੀ ਲੋਕਾਂ ਕੋਲ ਸਿਹਤ ਬੀਮੇ ਦੀ ਸਹੂਲਤ ਨਹੀਂ। ਉਨ੍ਹਾਂ ਕੋਲ ਸਰਕਾਰੀ ਸਿਹਤ ਸਹੂਲਤਾਂ ਦਾ ਵੀ ਖਾਸ ਸਹਾਰਾ ਨਹੀਂ। ਅਜਿਹੇ ਵਿੱਚ ਇਹ ਆਫਤ ਉਨ੍ਹਾਂ 'ਤੇ ਵੱਡੀ ਮੁਸੀਬਤ ਬਣ ਕੇ ਟੁੱਟੀ ਹੈ।

ਅਮਰੀਕਾ ਦੀਆਂ ਦੁਸ਼ਵਾਰੀਆਂ ਲਈ ਜਿਵੇਂ ਇੰਨਾ ਹੀ ਕਾਫੀ ਨਹੀਂ ਸੀ, ਜਦ ਕੋਰੋਨਾ ਸੰਕਟ ਜੋਬਨ 'ਤੇ ਸੀ, ਉਦੋਂ ਪੁਲਸ ਦੇ ਜ਼ੁਲਮ ਕਾਰਨ ਅਮਰੀਕਾ ਵਿੱਚ ਨਸਲੀ ਤਣਾਅ ਦੀ ਅੱਗ ਭੜਕ ਉਠੀ। ਇੱਕ 46 ਸਾਲਾ ਅਫਰੀਕੀ-ਅਮਰੀਕੀ ਜਾਰਜ ਫਲੋਇਡ ਦੀ ਮਈ ਵਿੱਚ ਪੁਲਸ ਹੱਥੋਂ ਹੋਈ ਮੌਤ ਉਤੇ ਅਮਰੀਕਾ ਵਿੱਚ ਤਿੱਖਾ ਪ੍ਰਤੀਕਰਮ ਹੋਇਆ। ਇਸ ਕਾਰਨ ਵਿਰੋਧ-ਪ੍ਰਦਰਸ਼ਨ, ਹਿੰਸਾ, ਦੰਗੇ ਅਤੇ ਪੁਲਸੀਆ ਕਾਰਵਾਈ ਦਾ ਹੜ੍ਹ ਆ ਗਿਆ। ਇੱਕ ਸਰਵੇਖਣ ਮੁਤਾਬਕ ਲਗਭਗ 55 ਫੀਸਦੀ ਲੋਕ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਨਸਲਵਾਦ ਅੱਜ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ 'ਚੋਂ ਇੱਕ ਹੈ। ਇਸੇ ਤਰ੍ਹਾਂ ਦੋ-ਤਿਹਾਈ ਅਮਰੀਕੀਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਦੇਸ਼ ਗਲਤ ਪਾਸੇ ਨੂੰ ਜਾ ਰਿਹਾ ਹੈ। ਇੱਕ ਅਜਿਹਾ ਦੇਸ਼, ਜੋ ਗਵਰਨੈਂਸ ਤੇ ਮਨੁੱਖੀ ਅਧਿਕਾਰ ਦੇ ਮਸਲੇ 'ਤੇ ਬਾਕੀ ਦੁਨੀਆ ਨੂੰ ਭਾਸ਼ਣ ਦਿੰਦਾ ਹੋਵੇ ਅਤੇ ਜੋ ਖੁਦ ਨੂੰ ਦੁਨੀਆ ਦਾ ਲੀਡਰ ਮੰਨਦਾ ਹੋਵੇ, ਆਪਣੀਆਂ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣ ਤੋਂ ਨਾਕਾਮ ਦਿਖਾਈ ਦੇ ਰਿਹਾ ਹੈ। ਅਮਰੀਕਾ ਵਿੱਚ ਵਿਰੋਧ-ਪ੍ਰਦਰਸ਼ਨ ਅੱਜ ਵੀ ਜਾਰੀ ਹਨ। ਇਸ ਨਾਲ ਅਮਰੀਕੀ ਸਮਾਜ ਹੋਰ ਕਤਾਰਬੰਦ ਹੁੰਦਾ ਜਾ ਰਿਹਾ ਹੈ। ਅਜਿਹੇ ਔਖੇ ਹਾਲਾਤ ਵਿੱਚ ਸਿਆਸੀ ਲੀਡਰਸ਼ਿਪ ਲੋਕਾਂ ਨੂੰ ਇਕਜੁੱਟ ਕਰਨ ਅਤੇ ਦੇਸ਼ ਨੂੰ ਇੱਕਜੁੱਟ ਕਰਨ ਦੀ ਚਾਹਵਾਨ ਨਹੀਂ ਦਿੱਸਦੀ। ਇਹ ਚੋਣ ਦੌਰ ਹੈ ਅਤੇ ਇਸ ਵਿੱਚ ਆਪੋ-ਆਪਣੇ ਵੋਟ ਬੈਂਕ ਨੂੰ ਖੁਸ਼ ਕਰਨਾ ਜ਼ਰੂਰੀ ਹੈ। ਏਸੇ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਨੂੰ ਕਾਨੂੰਨ-ਵਿਵਸਥਾ ਦੀ ਸਮੱਸਿਆ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਆਪਣੇ ਸਿਆਸੀ ਵਿਰੋਧੀਆਂ 'ਤੇ ਅਜਿਹੇ ਤਲਖ ਲਫਜ਼ਾਂ ਨਾਲ ਹਮਲਾ ਕੀਤਾ ਕਿ ਇੱਕ ਮ੍ਰਿਤਕ ਡੈਮੋਕ੍ਰੇਟ ਹੀ ਅਸਲ ਵਿੱਚ ਵਧੀਆ ਡੈਮੋਕ੍ਰੇਟ ਹੁੰਦਾ ਹੈ।

ਟਰੰਪ ਆਪਣੇ ਵਿਰੋਧੀ ਡੈਮੋਕ੍ਰੇਟਿਕ ਉਮੀਦਵਾਰ ਜੋਏ ਬਿਡੇਨ ਬਾਰੇ ਵੀ ਫਜ਼ੂਲ ਦੀਆਂ ਟਿੱਪਣੀਆਂ ਕਰੀ ਜਾਂਦੇ ਹਨ। ਉਨ੍ਹਾਂ ਦੀ ਬੌਖਲਾਹਟ ਸ਼ਾਇਦ ਇਸ ਕਾਰਨ ਹੈ ਕਿ ਉਹ ਕਈ ਸਰਵੇਖਣਾਂ ਵਿੱਚ ਬਿਡੇਨ ਤੋਂ ਪਿੱਛੇ ਚੱਲ ਰਹੇ ਹਨ। ਇਸ ਦਾ ਅਰਥ ਇਹ ਹੈ ਕਿ ਟਰੰਪ ਦੀਆਂ ਨੀਤੀਆਂ ਤੋਂ ਬਹੁਤੇ ਅਮਰੀਕੀ ਨਾਖੁਸ਼ ਹਨ। ਇਸੇ ਲਈ ਉਹ ਬਿਡੇਨ ਵੱਲ ਝੁਕਦੇ ਦਿੱਸ ਰਹੇ ਹਨ। ਜਾਪਦਾ ਹੈ ਕਿ ਹਾਲੇ ਅਮਰੀਕੀ ਸੰਸਥਾਵਾਂ ਦੀ ਸਾਖ ਰਸਾਤਲ ਵਿੱਚ ਹੈ। ਪੁਲਸ ਦੇ ਜ਼ੁਲਮ ਨਾਲ ਘੱਟਗਿਣਤੀ ਭਾਈਚਾਰਿਆਂ ਦੇ ਵਿਅਕਤੀਆਂ ਦੀ ਮੌਤ ਅਤੇ ਕੋਰੋਨਾ ਦੇ ਇਲਾਜ ਵਿੱਚ ਅਫਰੀਕੀ-ਅਮਰੀਕੀਆਂ ਨਾਲ ਹੁੰਦੇ ਪੱਖਪਾਤ ਨੇ ਵਿਰੋਧ-ਪ੍ਰਦਰਸ਼ਨਾਂ ਨੂੰ ਹੋਰ ਹਿੰਸਕ ਬਣਾ ਦਿੱਤਾ ਹੈ। ਨਸਲ ਦਾ ਮੁੱਦਾ ਅਮਰੀਕੀ ਸਮਾਜ ਅਤੇ ਨਿਜ਼ਾਮ ਦੇ ਦਿਲੋ-ਦਿਮਾਗ ਵਿੱਚ ਵੱਸਿਆ ਹੋਇਆ ਹੈ। ਜਿੱਥੋਂ ਤੱਕ ਅੰਦਰੂਨੀ ਮਾਮਲਿਆਂ ਨੂੰ ਸੰਭਾਲਣ ਦੀ ਗੱਲ ਹੈ, ਜਿਹੜਾ ਅਮਰੀਕਾ ਇਸ ਮਾਮਲੇ ਵਿੱਚ ਭਾਰਤ ਸਮੇਤ ਦੂਜੇ ਦੇਸ਼ਾਂ ਨੂੰ ਅਕਸਰ ਮਾੜੀ ਨਜ਼ਰ ਨਾਲ ਦੇਖਦਾ ਰਿਹਾ ਹੈ, ਉਹੀ ਅੱਜ ਇਕਜੁੱਟਤਾ ਦੀ ਅੰਦਰੂਨੀ ਕਮੀ ਤੋਂ ਪੀੜਤ ਮਹਿਸੂਸ ਕਰ ਰਿਹਾ ਹੈ, ਜਿਸ ਦਾ ਫਿਲਹਾਲ ਕੋਈ ਹੱਲ ਵੀ ਨਹੀਂ ਸੁੱਝ ਰਿਹਾ।

ਕੋਵਿਡ-19 ਮਹਾਮਾਰੀ ਦੇ ਨਤੀਜੇ, ਵਧਦੀ ਸਮਾਜਕ-ਆਰਥਿਕ ਭਿੰਨਤਾ, ਰਾਸ਼ਟਰਵਾਦ ਦਾ ਉਭਰਨਾ ਤੇ ਨਸਲੀ ਤਣਾਅ ਦਾ ਮਿਸ਼ਰਣ ਅਮਰੀਕਾ ਨੂੰ ਕਿਹੋ ਜਿਹਾ ਆਕਾਰ ਦੇਵੇਗਾ, ਇਸ ਦੀ ਆਪੋ-ਆਪਣੇ ਤਰੀਕੇ ਨਾਲ ਕਲਪਨਾ ਕੀਤੀ ਜਾ ਰਹੀ ਹੈ। ਕੁਝ ਲੋਕ ਇਸ ਨੂੰ ਇਸ ਰੂਪ ਵਿੱਚ ਦੇਖਦੇ ਹਨ ਕਿ ਵਿਸ਼ਵ ਪੱਧਰੀ ਮਾਮਲਿਆਂ ਵਿੱਚ ਅਮਰੀਕੀ ਸਰਬ ਉਚਤਾ ਦਾ ਅੰਤ ਹੋ ਰਿਹਾ ਹੈ। ਇਹ ਸੱਚ ਹੋਵੇ ਜਾਂ ਨਾ, ਪਰ ਅਮਰੀਕਾ ਵਿੱਚ ਖੁਦ ਨੂੰ ਮੁਸੀਬਤਾਂ ਤੋਂ ਬਾਹਰ ਕੱਢਣ ਵਾਲੀ ਅਥਾਹ ਅੰਦਰੂਨੀ ਸਮਰੱਥਾ ਹੈ। ਇਸ ਨੂੰ ਉਸ ਨੇ ਬੀਤੇ ਵਿੱਚ ਪੇਸ਼ ਵੀ ਕੀਤਾ ਹੈ। ਅਮਰੀਕਾ ਦੇ ਮੁਕਾਬਲੇ ਭਾਰਤ ਇੱਕ ਨੌਜਵਾਨ ਮੁਲਕ ਹੈ। ਅੰਦਰੂਨੀ ਆਪ-ਵਿਰੋਧਾਂ ਤੇ ਵੰਡ-ਪਾਊ ਰੇਖਾਵਾਂ ਦੇ ਬਾਵਜੂਦ ਭਾਰਤ ਇੱਕ ਲੋਕਤੰਤਰ ਦੇ ਰੂਪ ਵਿੱਚ ਆਪਣਾ ਵਜੂਦ ਬਚਾ ਕੇ ਰੱਖਣ ਵਿੱਚ ਸਫਲ ਰਿਹਾ ਹੈ। ਇਸ ਦੇ ਬਾਵਜੂਦ ਭਾਰਤ ਖੁਦ ਨੂੰ ਆਧੁਨਿਕ ਰਾਸ਼ਟਰ ਦੇ ਤੌਰ 'ਤੇ ਢਾਲਣ ਵਿੱਚ ਰੁੱਝਿਆ ਹੋਇਆ ਹੈ। ਇਸ ਤਰ੍ਹਾਂ ਆਉਣ ਵਾਲੀਆਂ ਚੁਣੌਤੀਆਂ 'ਤੇ ਪੱਛਮੀ ਮੁਲਕਾਂ ਨੇ ਰੋਣ-ਪਿੱਟਣ ਤੋਂ ਕਦੇ ਪਰਹੇਜ਼ ਨਹੀਂ ਕੀਤਾ। ਤਾਜ਼ਾ ਦੌਰ ਵਿੱਚ ਚਾਹੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦਾ ਮਸਲਾ ਹੋਵੇ ਜਾਂ ਘੱਟ ਗਿਣਤੀਆਂ ਦਾ ਮੁੱਦਾ, ਉਸ ਵਿੱਚ ਇਹੀ ਰੁਝਾਨ ਦੇਖਣ ਨੂੰ ਮਿਲਿਆ ਕਿ ਭਾਰਤ ਨੂੰ ਉਸ ਦੇ ਪੱਛਮੀ ਮਾਡਲ ਦੀ ਧੌਂਸ ਦਿਖਾਈ ਜਾਵੇ ਜਿਸ ਨੂੰ ਉਹ ਉਚ ਪੱਧਰੀ ਮੰਨਦੇ ਹਨ। ਅੱਜ ਜਦ ਸਰਬ ਉਚਤਾ ਦਾ ਭਰਮ ਟੁੱਟ ਰਿਹਾ ਹੈ ਤਾਂ ਭਾਰਤ ਬਦਲਵਾਂ ਮਾਡਲ ਅਰਥਾਤ ਨਵਾਂ ਰੂਪ ਪੇਸ਼ ਕਰ ਸਕਦਾ ਹੈ। ਅਜਿਹਾ ਨਵਾਂ ਰੂਪ ਜੋ ਕਿਤੇ ਵੱਧ ਭਾਰਤੀ ਕਦਰਾਂ-ਕੀਮਤਾਂ 'ਤੇ ਆਧਾਰਤ ਹੋਵੇ।

ਲੱਗਦਾ ਹੈ ਕਿ ਅਮਰੀਕਾ ਹੋਰ ਵੱਧ ਕਤਾਰਬੰਦ ਹੋਵੇਗਾ ਤੇ ਉਸ ਦੀ ਰਾਜਨੀਤੀ ਵਿੱਚ ਟਕਰਾਅ ਵੀ ਵਧੇਗਾ। ਇਹ ਸ਼ਾਇਦ ਅਜਿਹਾ ਪੜਾਅ ਹੈ ਕਿ ਭਾਰਤ ਅੰਦਰੂਨੀ ਦੁਸ਼ਵਾਰੀਆਂ ਨਾਲ ਨਜਿੱਠਣ ਵਿੱਚ ਅਮਰੀਕਾ ਨੂੰ ਇੱਕ-ਅੱਧੀ ਸਲਾਹ ਦੇ ਸਕੇ। ਭਾਰਤ ਵਿੱਚ ਸਭ ਲੋਕਾਂ ਲਈ ਦੇਸ਼ ਦੇ ਅੰਦਰੂਨੀ ਮਾਮਲਿਆਂ 'ਤੇ ਅਮਰੀਕੀ ਆਲੋਚਨਾ ਇੱਕ ਵੱਡਾ ਸੰਕੇਤ ਹੁੰਦੀ ਹੈ। ਪੱਛਮੀ ਮੀਡੀਆ ਵਿੱਚ ਕਿਸੇ ਇੱਕੋ ਜ਼ਿਕਰ ਨਾਲ ਮੰਨ ਲਿਆ ਜਾਂਦਾ ਹੈ ਕਿ ਭਾਰਤ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਗੜਬੜ ਕਰ ਰਿਹਾ ਹੈ। ਅੱਜ ਵਕਤ ਹੈ ਹੈ ਕਿ ਅਸੀਂ ਭਾਰਤ ਦੀਆਂ ਪ੍ਰਾਪਤੀਆਂ ਬਾਰੇ ਵੱਧ ਆਤਮ-ਵਿਸ਼ਵਾਸ਼ ਦਾ ਸਬੂਤ ਦੇਈਏ ਅਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਗੈਰ ਜ਼ਰੂਰੀ ਦਖਲ ਦੀ ਅਣਦੇਖੀ ਕਰਨ ਦੇ ਨਾਲ ਉਸ ਦੀ ਲੋੜੀਂਦੀ ਨਿਖੇਧੀ ਵੀ ਕਰੀਏ। ਇੰਝ ਕਰਨ ਨਾਲ ਜਿੱਥੇ ਦੁਨੀਆ ਵਿੱਚ ਭਾਰਤ ਦੀ ਵੁੱਕਤ ਵਧੇਗੀ, ਉਥੇ ਹੀ ਵਿਸ਼ਵ ਪੱਧਰ 'ਤੇ ਉਸ ਵਿਰੁੱਧ ਉਠ ਰਹੀਆਂ ਵਿਰੋਧੀ ਸੁਰਾਂ ਵੀ ਮੱਠੀਆਂ ਪੈ ਜਾਣਗੀਆਂ। ਭਾਰਤ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਸ ਨੂੰ ਆਪਣੇ ਮਸਲੇ ਖੁਦ ਹੀ ਨਜਿੱਠਣੇ ਪੈਣਗੇ। ਹੋਰਾਂ 'ਤੇ ਟੇਕ ਰੱਖਣ ਦੀ ਨੀਤੀ ਤਿਆਗਣੀ ਬੇਹੱਦ ਜ਼ਰੂਰੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**

# ਸੀ ਬੀ ਆਈ ਦੀ ਅਦਾਲਤ ਨੇ ਬਰਗਾੜੀ ਬੇਅਦਬੀ ਕਾਂਡ ਦੀ ਸੁਣਵਾਈ 14 ਅਕਤੂਬਰ ਤੱਕ ਟਾਲੀ

ਫਰੀਦਕੋਟ, 24 ਸਤੰਬਰ (ਪੋਸਟ ਬਿਊਰੋ)- ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਕੇ ਬੇਅਦਬੀ ਕਰਨ ਦੇ ਮੁਕੱਦਮੇ ਦੀ ਸੁਣਵਾਈ 14 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਇਨ੍ਹਾਂ ਕੇਸਾਂ ਬਾਰੇ ਇੱਕ ਦਰਖਾਸਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੁ ਵਿਚਾਰ ਅਧੀਨ ਹੈ ਅਤੇ ਉਸ ਦੇ ਫੈਸਲੇ ਮਗਰੋਂ ਹੇਠਲੀ ਅਦਾਲਤ ਸੁਣਵਾਈ ਕਰੇਗੀ। ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋਂ ਦਾਇਰ ਕੀਤੀ ਪਟੀਸ਼ਨ ਉਤੇ ਜਸਟਿਸ ਅਨਮੋਲ ਰਤਨ ਸਿੰਘ 25 ਸਤੰਬਰ ਨੂੰ ਸੁਣਵਾਈ ਕਰਨਗੇ। ਇਹ ਦਰਖਾਸਤ ਵੀ ਚਾਰਜਸ਼ੀਟ ਉਪਰ ਰੋਕ ਲਾਉਣ ਬਾਰੇ ਹੈ।




ਵਰਨਣ ਯੋਗ ਹੈ ਕਿ ਸੀ ਬੀ ਆਈ ਨੇ ਮੋਹਾਲੀ ਅਦਾਲਤ ਵਿੱਚ ਅਰਜ਼ੀ ਦੇ ਕੇ ਡੇਰਾ ਪ੍ਰੇਮੀਆਂ ਖਿਲਾਫ ਫਰੀਦਕੋਟ ਦੀ ਅਦਾਲਤ ਵਿੱਚ ਦਾਇਰ ਹੋ ਚੁੱਕੀ ਚਾਰਜਸ਼ੀਟ ਉਪਰ ਰੋਕ ਲਾਉਣ ਦੀ ਮੰਗ ਕੀਤੀ ਹੈ। ਏ ਐਸ ਪੀ ਅਨਿਲ ਕੁਮਾਰ ਯਾਦਵ ਨੇ ਆਪਣੀ ਅਰਜ਼ੀ ਵਿੱਚ ਤਰਕ ਦਿੱਤਾ ਕਿ ਸੀ ਬੀ ਆਈ ਨੂੰ ਕੁਝ ਨਵੇਂ ਤੱਥ ਮਿਲੇ ਹਨ, ਜਿਨਾਂ ਦੇ ਆਧਾਰ ਉੱਤੇ ਉਹ ਬੇਅਦਬੀ ਕਾਂਡ ਦੀ ਦੁਬਾਰਾ ਪੜਤਾਲ ਕਰਨਾ ਚਾਹੁੰਦੇ ਹਨ ਅਤੇ ਇਸ ਸਬੰਧੀ ਉਨ੍ਹਾਂ ਮਨਜ਼ੂਰੀ ਲੈਣ ਲਈ ਛੇ ਮਾਰਚ 2020 ਨੂੰ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ ਤੇ ਜਿੰਨਾ ਚਿਰ ਇਸ ਅਰਜ਼ੀ ਦਾ ਫੈਸਲਾ ਨਹੀਂ ਹੁੰਦਾ, ਵਿਸ਼ੇਸ਼ ਜਾਂਚ ਟੀਮ ਇਸ ਬੇਅਦਬੀ ਕੇਸ ਦੀ ਸੁਣਵਾਈ ਨਹੀਂ ਕਰ ਸਕਦੀ। ਦੂਜੇ ਪਾਸੇ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਅਤੇ ਆਈ ਜੀ ਰਣਬੀਰ ਸਿੰਘ ਖੱਟੜਾ ਨੇ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਨਿਯਮਾਂ ਅਨੁਸਾਰ ਟੀਮ ਬੇਅਦਬੀ ਕਾਂਡ ਦੀ ਜਾਂਚ ਮੁਕੰਮਲ ਕਰ ਚੁੱਕੀ ਹੈ ਅਤੇ ਸੀ ਬੀ ਆਈ ਨੂੰ ਦਰਖਾਸਤ ਦੇਣ ਦਾ ਇਸ ਵੇਲੇ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਡੇਰਾ ਸੱਚਾ ਸੌਦਾ ਦੀ ਨੈਸ਼ਨਲ ਕਮੇਟੀ ਦੇ ਤਿੰਨ ਮੈਂਬਰ ਹਰਸ਼ ਪੁਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟਾ ਰੂਪੋਸ਼ ਹੋ ਗਏ ਹਨ। ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਵਾਸਤੇ ਸਥਾਨਕ ਜੁਡੀਸ਼ਲ ਮੈਜਿਸਟਰੇਟ ਤੋਂ ਗ੍ਰਿਫਤਾਰੀ ਵਾਰੰਟ ਜਾਰੀ ਕਰਵਾਏ ਸਨ, ਪਰ ਚਾਰ ਵਾਰੀ ਵਾਰੰਟ ਜਾਰੀ ਹੋਣ ਦੇ ਬਾਵਜੂਦ ਇਹ ਲੋਕ ਨਹੀਂ ਲੱਭੇ। ਸੂਤਰਾਂ ਅਨੁਸਾਰ ਇਹ ਡੇਰਾ ਪ੍ਰੇਮੀ ਦੇਸ਼ ਤੋਂ ਬਾਹਰ ਭੱਜ ਗਏ ਹੋ ਸਕਦੇ ਹਨ, ਪਰ ਵਿਸ਼ੇਸ਼ ਜਾਂਚ ਟੀਮ ਇਸ ਦੀ ਪੜਤਾਲ ਲਈ ਵੱਖ-ਵੱਖ ਸ਼ਾਵਾਂ ’ਤੇ ਛਾਪੇ ਮਾਰ ਰਹੀ ਹੈ।

# ਡਾਕਟਰਾਂ ਨੂੰ ਨੌਕਰੀ ਵਾਧਾ ਮਿਲੇਗਾ, ਪਰ ਕੋਆਪਰੇਟਿਵ ਮੁਲਾਜ਼ਮ ਰਿਟਾਇਰ ਹੋਣਗੇ

ਚੰਡੀਗੜ੍ਹ, 24 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਨੇ 60 ਸਾਲ ਹੱਦ ਉਮਰ ਦੇ ਹੋ ਚੁੱਕੇ ਮਾਹਰ ਡਾਕ-ਟਰਾਂ ਨੂੰ ਉਨ੍ਹਾਂ ਦੀ ਇੱਛਾ ਮੁਤਾਬਕ ਅਤੇ 58 ਸਾਲ ਤੋਂ ਵੱਧ ਉਮਰ ਦੇ ਡਾਕਟਰਾਂ ਨੂੰ ਤਿੰਨ ਮਹੀਨਿਆਂ ਲਈ 31 ਦਸੰਬਰ 2020 ਤੱਕ ਨੌਕਰੀ ਦਾ ਵਾਧਾ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਕੋਵਿਡ-19 ਮਹਾਮਾਰੀ ਦੇ ਕਾਰਨ ਲਿਆ ਗਿਆ ਹੈ। ਦੂਜੇ ਪਾਸੇ ਕੋਆਪਰੇਟਿਵ ਵਿਭਾਗ ਨੇ 58 ਸਾਲ ਉਮਰ ਹੱਦ ਸੇਵਾ ਮੁਕਤੀ ਤੋਂ ਬਾਅਦ ਵਾਧੇ ’ਤੇ ਚੱਲ ਰਹੇ ਮੁਲਾਜ਼ਮਾਂ ਨੂੰ ਤੁਰੰਤ ਰਿਟਾਇਰ ਕਰਨ ਦਾ ਫੈਸਲਾ ਕੀਤਾ ਗਿਆ ਹੈ।



ਇਸ ਸੰਬੰਧ ਵਿੱਚ ਸਿਹਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਹੁਸਨ ਲਾਲ ਨੇ ਜਾਰੀ ਹੋਏ ਪੱਤਰ ਵਿੱਚ ਕਿਹਾ ਹੈ ਕਿ 30 ਸਤੰਬਰ ਨੂੰ 60 ਸਾਲ ਦੀ ਉਮਰ ਪੂਰੀ ਕਰ ਕੇ ਸੇਵਾ ਮੁਕਤ ਹੋਣ ਵਾਲੇ ਮਾਹਰ ਡਾਕਟਰ ਆਪਣੀ ਇੱਛਾ ਮੁਤਾ-ਬਕ 60 ਸਾਲ ਤੋਂ ਬਾਅਦ ਵੀ 31 ਦਸੰਬਰ ਤੱਕ ਸਰਕਾਰ ਦੀਆਂ ਗਾਈਡ ਲਾਈਨਜ਼ ਮੁਤਾਬਕ ਸੇਵਾਵਾਂ ਨਿਭਾ ਸਕਦੇ ਹਨ, ਜਦੋਂ ਕਿ ਸਿਹਤ ਵਿਭਾਗ ਵਿੱਚ ਕਾਰਜਸ਼ੀਲ ਡਾਕਟਰ, ਜੋ 58 ਸਾਲ ਦੀ ਉਮਰ ’ਤੇ ਸੇਵਾ ਮੁਕਤ ਹੋ ਰਹੇ ਹਨ ਜਾਂ 60 ਸਾਲ ਤੋਂ ਘੱਟ ਉਮਰ ’ਤੇ ਵਾਧੇ ’ਤੇ ਚੱਲ ਰਹੇ ਹਨ, ਦੀਆਂ ਸੇਵਾਵਾਂ ਵਿੱਚ 31 ਦਸੰਬਰ 2020 ਤੱਕ ਵਾਧਾ ਕੀਤਾ ਗਿਆ ਹੈ। ਸਰਕਾਰ ਨੇ ਕੋਰੋਨਾ ਕਾਰਨ 31 ਮਾਰਚ ਨੂੰ ਸੇਵਾ ਮੁਕਤ ਹੋਣ ਵਾਲੇ ਡਾਕਟਰਾਂ ਦੀਆਂ ਸੇਵਾਵਾਂ ਵਿੱਚ ਇੱਕ ਅਪ੍ਰੈਲ ਤੋਂ 30 ਸਤੰਬਰ 2020 ਤੱਕ ਵਾਧਾ ਕੀਤਾ ਸੀ। ਦੂਸਰੇ ਪਾਸੇ ਕੋਆਪਰੇਟਿਵ ਤੇ ਜੇਲ੍ਹ ਵਿਭਾਗ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਸ਼ੇਸ਼ ਪ੍ਰਿੰਸੀਪਲ ਸੈਕਟਰੀ ਕੋਆਪਰੇਟਿਵ ਵਿਭਾਗ, ਰਜਿਸਟਰਾਰ ਕੋਆਪਰੇਟਿਵ ਸੋਸਾਈਟੀਜ਼ ਅਤੇ ਐਮ ਡੀ ਮਾਰਕਫੈਡ ਨੂੰ ਹੁਕਮ ਦੇ ਦਿੱਤੇ ਹਨ ਕਿ ਪੰਜਾਬ ਸਰਕਾਰ ਨੇ 20 ਮਾਰਚ ਨੂੰ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦਾ 58 ਸਾਲ ਉਮਰ ਤੋਂ ਬਾਅਦ ਦੋ ਸਾਲ ਦਾ ਨੌਕਰੀ ਦਾ ਵਾਧਾ ਰੱਦ ਕਰ ਦਿੱਤਾ ਹੈ। ਉਨ੍ਹਾਂ ਪੱਤਰ ਵਿੱਚ ਕਿਹਾ ਕਿ ਉਨ੍ਹਾਂ ਨੂੰ ਇਹ ਪਤਾ ਲੱਗਾ ਹੈ ਕਿ ਕੋਆਪਰੇਟਿਵ ਵਿਭਾਗ, ਬੋਰਡ, ਕਾਰਪੋਰੇਸ਼ਨ, ਮਾਰਕਫੈਡ, ਸੁਸਾਇਟੀਆਂ ਵਿੱਚ ਅਜੇ ਵੀ 58 ਸਾਲ ਉਮਰ ਉੱਤੇ ਸੇਵਾ ਮੁਕਤ ਹੋਣ ਤੋ ਬਾਅਦ ਮੁਲਾਜ਼ਮ ਤੇ ਅਧਿਕਾਰੀ ਨੌਕਰੀ ਕਰ ਰਹੇ ਹਨ। ਸੂਤਰਾਂ ਮੁਤਾਬਕ ਸੇਵਾ ਮੁਕਤੀ ਤੋਂ ਬਾਅਦ ਇਸ ਵਿਭਾਗ ਵਿੱਚ ਇਹ ਅਧਿਕਾਰੀ ਜਾਂ ਕਰਮਚਾਰੀ ਠੇਕੇ ਜਾਂ ਆਊਟ ਸੋਰਸ ਉੱਤੇ ਕੰਮ ਕਰਦੇ ਸ਼ੀਲ ਹਨ। ਮੰਤਰੀ ਨੇ ਸੇਵਾ ਮੁਕਤੀ ਪਿੱਛੋਂ ਠੇਕੇ ’ਤੇ ਭਰਤੀ ਕੀਤੇ ਇਨ੍ਹਾਂ ਲੋਕਾਂ ਨੂੰ ਫਾਰਗ ਕਰਨ ਦੇ ਹੁਕਮ ਦਿੰਦਿਆਂ ਕਿਹਾ ਕਿ ਜੇ ਅਜਿਹੀ ਕੋਈ ਨਿਯੁਕਤੀ ਹੈ ਜਾਂ ਭਵਿੱਖ ਵਿੱਚ ਏਦਾਂ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਖਿਲਾਫ ਵਿਭਾਗੀ ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

# ਸ੍ਰੀ ਹਰਿਮੰਦਰ ਸਾਹਿਬ ਵਿਚਲੀ ਧੁੱਪ ਘੜੀ ਦੀ ਸੰਭਾਲ ਦੀ ਮੰਗ

ਅੰਮ੍ਰਿਤਸਰ, 24 ਸਤੰਬਰ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਅੰਦਰ ਸਰੋਵਰ ਦੇ ਪੁਲ ਦੀ ਉਤਰੀ ਬਾਹੀ ਵੱਲ ਬਣੀ ਧੁੱਪ ਘੜੀ ਵਾਲੀ ਪੱਥਰ ਦੀ ਸਿਲ ’ਤੇ ਉਕਰੀ ਇਬਾਰਤ ਅਤੇ ਅੰਕ ਸ਼ਰਧਾਲੂਆਂ ਦੇ ਵਾਰ-ਵਾਰ ਹੱਥ ਲੱਗਣ ਕਾਰਨ ਮਿਟਦੇ ਜਾਂਦੇ ਹਨ ਜਿਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੇ ਇਸ ਇਤਿਹਾਸਕ ਘੜੀ ਦੀ ਸੰਭਾਲ ਅਤੇ ਮਿਟ ਰਹੀ ਇਬਾਰਤ ਨੂੰ ਸਹੀ ਕਰਨ ਦੀ ਮੰਗ ਕੀਤੀ ਹੈ। ਇਹ ਧੁੱਪ ਘੜੀ ਸਮਾਂ ਦੱਸਣ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੀ ਸੰਗਤ ਨੂੰ ਪ੍ਰਭਾਵਿਤ ਵੀ ਕਰਦੀ ਹੈ। ਵਰਨਣ ਯੋਗ ਹੈ ਕਿ ਤਾਂਬੇ ਦੀ ਬਣੀ ਇਹ ਧੁੱਪ ਘੜੀ ਲਹਿਣਾ ਸਿੰਘ ਮਜੀਠੀਆ ਨੇ ਸੰਨ 1842 ’ਚ ਬਣਵਾਈ ਸੀ। ਬਿਨਾਂ ਸੂਈਆਂ ਵਾਲੀ ਇਹ ਘੜੀ ਹੋਰ ਘੜੀਆਂ ਵਾਂਗ ਸਮਾਂ ਦੱਸਦੀ ਹੈ। ਸੰਨ 1894 ’ਚ ਗਿਆਨੀ ਗੁਰਬਖ਼ਸ਼ ਸਿੰਘ ਨੇ ਉਕਤ ਬੁਰਜੀ ਦੇ ਦੁਆਲੇ ਸੰਗਮਰਮਰ ਲਗਵਾ ਦਿਤਾ ਸੀ। ਧੁੱਪ ਘੜੀ ਦੀ ਤਾਂਬੇ ਦੀ ਤਿਕੋਣੀ ਪਲੇਟ ਬੁਰਜੀ ’ਤੇ ਇਸ ਤਰ੍ਹਾਂ ਲਾਈ ਗਈ ਹੈ ਕਿ ਪਲੇਟ ਦੀ ਛਾਂ ਜਦੋਂ ਸੰਗਮਰਮਰ ’ਤੇ ਉਕਰੇ ਅੰਕਾਂ ’ਤੇ ਪੈਂਦੀ ਹੈ ਤਾਂ ਧੁੱਪ ਅਨੁਸਾਰ ਇਹ ਹੱਥ ’ਤੇ ਬੰਨ੍ਹੀ ਘੜੀ ਵਾਂਗ ਬਿਲਕੁਲ ਸਹੀ ਸਮਾਂ ਦੱਸਣ ਲੱਗਦੀ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਨ੍ਹਾਂ ਨੂੰ ‘ਕੈਸਰੁਲ ਇਕਤਦਾਰ’ ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਸੀ।

**ਪਾਵਨ ਸਰੂਪਾਂ ਦਾ ਮਾਮਲਾ :**

# ਸਿੱਖ ਜਥੇਬੰਦੀਆਂ ਦੇ ਰੋਸ ਧਰਨੇ ਵਾਲੇ ਥਾਂ ਦੀ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ

ਅੰਮ੍ਰਿਤਸਰ, 24 ਸਤੰਬਰ (ਪੋਸਟ ਬਿਊਰੋ)- ਗੁਰਦੁਆਰਾ ਰਾਮਸਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਸਤਿਕਾਰ ਕਮੇਟੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਦੋਸ਼ੀਆਂ ਵਿਰੁੱਧ ਫ਼ੌਜਦਾਰੀ ਕੇਸ ਦਰਜ ਕਰਵਾਉਣ ਅਤੇ ਕੈਨੇਡਾ ਭੇਜੇ ਪਾਵਨ ਸਰੂਪਾਂ ਦੀ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਾਹਮਣੇ 10 ਦਿਨਾਂ ਤੋਂ ਲਗਾਤਾਰ ਰੋਸ ਧਰਨਾ ਜਾਰੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਕੱਲ੍ਹ ਰਾਤ ਰੋਸ ਧਰਨਾ ਸਥਾਨ ਦੀ ਬਿਜਲੀ ਸਪਲਾਈ ਅੱਧੀ ਰਾਤ ਨੂੰ ਬੰਦ ਕਰਵਾ ਦਿੱਤੀ।

ਮਿਲੇ ਵੇਰਵਿਆਂ ਅਨੁਸਾਰ ਬਿਜਲੀ ਸਪਲਾਈ ਬੰਦ ਕਰਨ ਉੱਤੇ ਰੋਸ ਧਰਨੇ ਉਤੇ ਬੈਠੇ ਸਿੰਘਾਂ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤੇ ਜਾਣ ਅਤੇ ਰੋਸ ਧਰਨਾ ਜੋੜਾ ਘਰ ਨੇੜਿਉਂ ਹਟਾ ਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਾਲੇ ਮੁੱਖ ਗੇਟ ਅੱਗੇ ਲਾ ਦੇਣ ’ਤੇ ਕਰੀਬ ਤਿੰਨ ਘੰਟਿਆਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਬਿਜਲੀ ਸਪਲਾਈ ਮੁੜ ਬਹਾਲ ਕਰਨੀ ਪਈ। ਸਿੱਖ ਜਥੇਬੰਦੀਆਂ ਦੇ ਆਗੂ ਬਲਬੀਰ ਸਿੰਘ ਮੁੱਛਲ ਨੇ ਦੱਸਿਆ ਕਿ ਰਾਤ 12 ਵਜੇ ਦੇ ਕਰੀਬ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਸ਼੍ਰੋਮਣੀ ਕਮੇਟੀ ਦਫ਼ਤਰ ਸਾਹਮਣੇ ਜੋੜਾ ਘਰ ਨੇੜੇ ਰੋਸ ਧਰਨੇ ਵਾਲੇ ਸਥਾਨ ਦੀ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ। ਸੰਗਤ ਵੱਲੋਂ ਵਿਰੋਧ ਕਰਨ ਉੱਤੇ ਸ਼੍ਰੋਮਣੀ ਕਮੇਟੀ ਨੂੰ ਅੰਮ੍ਰਿਤ ਵੇਲੇ ਤਿੰਨ ਵਜੇ ਬਿਜਲੀ ਸਪਲਾਈ ਬਹਾਲ ਕਰਨੀ ਪਈ। ਇਸੇ ਰੋਸ ਧਰਨੇ ਦੇ 10ਵੇਂ ਦਿਨ ਆਖੰਡ ਕੀਰਤਨੀ ਜਥਾ ਦੇ ਨਾਲ ਸਬੰਧਤ ਸਿੰਘ ਸਿੰਘਣੀਆਂ ਵੀ ਸ਼ਾਮਲ ਹੋਏ।

# ਸਾਈਬਰ ਅਲਰਟ; ਆਨਲਾਈਨ ਠੱਗੀ ਦਾ ਨਵਾਂ ਹਥਿਆਰ ‘ਆਕਸੀਜਨ ਲੈਵਲ ਐਪ’

ਜਲੰਧਰ, 24 ਸਤੰਬਰ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਨੇ ਸੰਸਾਰ ਭਰ ਵਿੱਚ ਪੌਣੇ ਦਸ ਲੱਖ ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਅਤੇ 3 ਕਰੋੜ 18 ਲੱਖ ਤੋਂ ਵੱਧ ਲੋਕ ਪੀੜਤ ਹੋ ਚੁੱਕੇ ਹਨ। ਇਸ ਦੇ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਮੋਟਾਪੇ ਦੇ ਸ਼ਿਕਾਰ ਲੋਕ ਇਸ ਵਾਇਰਸ ਦੀ ਲਪੇਟ ਵਿੱਚ ਵੱਧ ਆ ਰਹੇ ਹਨ ਅਤੇ ਲੈਵਲ-2 ਅਤੇ ਲੈਵਲ-3 ਦੀ ਸਥਿਤੀ ਵਿੱਚ ਮਰੀਜ਼ ਨੂੰ ਸਾਹ ਲੈਣ ਦੀ ਤਕਲੀਫ ਹੁੰਦੀ ਅਤੇ ਆਕਸੀਜਨ ਦੀ ਲੋੜ ਪੈਂਦੀ ਹੈ। ਬਲੱਡ ਵਿੱਚ ਆਕਸੀਜਨ ਦੀ ਕਮੀ ਆਕਸੀਮੀਟਰ ਡਿਵਾਈਸ ਨਾਲ ਜਾਂਚੀ ਜਾ ਰਹੀ ਹੈ ਤੇ ਠੱਗੀ ਦੇ ਮਾਹਰਾਂ ਨੇ ਆਕਸੀਜਨ ਲੈਵਲ ਨੂੰ ਹੀ ਠੱਗੀ ਦਾ ਨਵਾਂ ਹਥਿਆਰ ਦੱਸਦੇ ਹੋਏ ਆਕਸੀਜਨ ਲੈਵਲ ਐਪ ਬਣਾ ਲਈ ਹੈ।

ਇੱਕ ਵਾਰ ਤੁਹਾਨੂੰ ਇਸ ਐਪ ਨੂੰ ਡਾਊਨਲੋਡ ਕੀਤਿਆਂ ਪਤਾ ਲੱਗਦਾ ਹੈ ਕਿ ਤੁਹਾਡਾ ਮੋਬਾਈਲ ਹੈਕ ਹੋ ਗਿਆ ਹੈ। ਫਿਰ ਆਪਣੇ ਮੋਬਾਈਲ ਵਿੱਚ ਜੋ ਡਾਟਾ ਫੀਡ ਹੈ, ਉਹ ਹੈਕਰ ਦੇ ਕੋਲ ਪਹੁੰਚ ਜਾਂਦਾ ਹੈ। ਐਸ ਐਸ ਐਸ ਅਤੇ ਵਟਸਐਪ ਦੇ ਰਾਹੀਂ ਫ਼ੋਨ ’ਤੇ ਮੈਸੇਜ ਆਉਂਦਾ ਹੈ ਕਿ ਤੁਸੀਂ ਆਕਸੀਜਨ ਲੈਵਲ ਐਪ ਦੇ ਨਾਲ ਆਪਣੇ ਬਲੱਡ ਵਿੱਚ ਆਕਸੀਜਨ ਲੈਵਲ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਮਾਪ ਸਕਦੇ ਹੋ ਅਤੇ ਮੈਸੇਜ ਵਿੱਚ ਗੂਗਲ ਪਲੇ ਸਟੋਰ ਤੋਂ ਐਪ ਡਾਊਨ ਲੋਡ ਕਰਨ ਨੂੰ ਕਿਹਾ ਜਾਂਦਾ ਹੈ, ਪਰ ਇਹ ਮੈਸੇਜ ਫ਼ਰਜ਼ੀ ਹੁੰਦੇ ਹਨ, ਕਿਉਂਕਿ ਕਿਸੇ ਐਪ ਨਾਲ ਸਰੀਰ ਵਿੱਚ ਆਕਸੀਜਨ ਲੈਵਲ ਨਹੀਂ ਮਾਪਿਆ ਜਾ ਸਕਦਾ। ਆਕਸੀਜਨ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਲੈਵਲ ਮਾਪਣ ਲਈ ਡਿਵਾਈਸ ਜ਼ਰੂਰ ਬਣੇ ਹਨ, ਪਰ ਸਾਈਬਰ ਮਾਹਿਰਾਂ ਦੀ ਮੰਨੀਏ ਤਾਂ ਕੋਈ ਅਜਿਹੇ ਐਪ ਨਹੀਂ ਬਣੇ, ਜੋ ਤੁਹਾਨੂੰ ਤੁਹਾਡੇ ਸਰੀਰ ਵਿੱਚ ਆਕਸੀਜਨ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਲੈਵਲ ਦੀ ਪੁਖ਼ਤਾ ਜਾਣਕਾਰੀ ਦੇ ਸਕਣ।





# ਗਰੀਬ ਉਚ ਜਾਤਾਂ ਨੂੰ ਵੀ ਨੌਕਰੀਆਂ ਲਈ ਉਮਰ ਵਿੱਚ ਰਿਆਇਤ ਮਿਲਣ ਦੀ ਸੰਭਾਵਨਾ




ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਜਨਰਲ ਵਰਗ ਦੇ ਆਰਥਿਕ ਰੂਪ ਤੋਂ ਪਿਛੜਿਆਂ ਲੋਕਾਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਦੇ ਬਾਅਦ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਦੀ ਉਮਰ ਵਿੱਚ ਵੀ ਛੋਟ ਦੇਣ ਦੀ ਤਿਆਰੀ ਵਿੱਚ ਹੈ। ਇਸ ਤਰ੍ਹਾਂ ਦੀ ਛੋਟ ਓ ਬੀ ਸੀ (ਹੋਰ ਪਛੜੀਆਂ ਸ਼੍ਰੇਣੀਆਂ) ਦੇ ਬਰਾਬਰ ਕਰੀਬ ਤਿੰਨ ਸਾਲ ਹੋ ਸਕਦੀ ਹੈ। ਕੇਂਦਰ ਸਰਾਰ ਦੇ ਸਮਾਜਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਨੇ ਲੰਮੇ ਵਿਚਾਰ-ਵਟਾਂਦਰੇ ਪਿੱਛੋਂ ਪਰਸੋਨਲ ਤੇ ਸਿਖਲਾਈ ਵਿਭਾਗ ਨੂੰ ਫਿਰ ਚਿੱਠੀ ਲਿਖ ਕੇ ਇਸ ਬਾਰੇ ਜਲਦੀ ਫੈਸਲਾ ਲੈਣ ਦੀ ਅਪੀਲ ਕੀਤੀ ਹੈ।

ਅਜੇ ਤੱਕ ਸਰਕਾਰੀ ਨੌਕਰੀਆਂ ਵਿੱਚ ਸਿਰਫ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ (ਐਸ ਸੀ-ਐਸ ਟੀ) ਅਤੇ ਪਿਛੜਾ ਵਰਗ (ਓ ਬੀ ਸੀ) ਨੂੰ ਉਮਰ ਵਿੱਚ ਛੋਟ ਮਿਲਦੀ ਹੈ। ਇਨ੍ਹਾਂ ਵਿੱਚ ਐਸ ਸੀ-ਐਸ ਟੀ ਨੂੰ ਪੰਜ ਸਾਲ ਅਤੇ ਓ ਬੀ ਸੀ ਨੂੰ ਤਿੰਨ ਸਾਲ ਦੀ ਛੋਟ ਮਿਲਦੀ ਹੈ। ਮੰਤਰਾਲੇ ਨਾਲ ਜੁੜੇ ਅਧਿਕਾਰੀਆਂ ਮੁਤਾ-ਬਕ ਸਰਕਾਰ ਜਲਦੀ ਇਸ ਬਾਰੇ ਫੈਸਲਾ ਲੈ ਸਕਦੀ ਹੈ ਅਤੇ ਬਿਹਾਰ ਤੋਂ ਜਿਸ ਤਰ੍ਹਾਂ ਇਹ ਮੰਗ ਜ਼ੋਰ ਨਾਲ ਉਠੀ ਹੈ, ਉਸ ਵਿੱਚ ਸੰਭਵ ਹੈ ਕਿ ਇਸ ਦਾ ਫੈਸਲਾ ਬਿਹਾਰ ਚੋਣਾਂ ਤੋਂ ਪਹਿਲਾਂ ਹੀ ਕਰ ਦਿੱਤਾ ਜਾਏ। ਇਹ ਮੰਗ ਜਨਰਲ ਵਰਗ ਦੇ ਆਰਥਿਕ ਰੂਪ ਤੋਂ ਪੱਛੜੇ ਲੋਕਾਂ ਨੂੰ ਦਸ ਫੀਸਦੀ ਰਾਖਵਾਂਕਰਨ ਦਿੱਤੇ ਜਾਣ ਦੇ ਬਾਅਦ ਤੋਂ ਉਠਣ ਲੱਗੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਰਾਖਵਾਂਕਰਨ ਦਾ ਸਹੀ ਲਾਭ ਤਾਂ ਹੀ ਮਿਲੇਗਾ, ਜਦੋਂ ਐਸ ਸੀ-ਐਸ ਟੀ ਅਤੇ ਓ ਬੀ ਸੀ ਦੀ ਤਰ੍ਹਾਂ ਸਰਕਾਰੀ ਨੌਕਰੀਆਂ ਲਈ ਉਮਰ ਦੀ ਛੋਟ ਦਿੱਤੀ ਜਾਏ। ਮੰਤਰਾਲੇ ਮੁਤਾਬਕ ਇਸ ਬਾਰੇ ਨਵੇਂ ਸਾਲ ਦੇ ਸ਼ੁਰੂ ਵਿੱਚ ਪਰਸੋਨਲ ਤੇ ਸਿਖਲਾਈ ਵਿਭਾਗ ਨੂੰ ਤਜਵੀਜ਼ ਦਿੱਤੀ ਗਈ ਸੀ ਅਤੇ ਪਰਸੋਨਲ ਤੇ ਸਿਖਲਾਈ ਵਿਭਾਗ ਵੱਲੋਂ ਫੈਸਲੇ ਵਿੱਚ ਦੇਰੀ ਹੋਣ ਨੂੰ ਵੇਖਦੇ ਹੋਏ ਯਾਦ ਕਰਾਇਆ ਗਿਆ ਹੈ। ਗਰੀਬ ਉਚ ਜਾਤਾਂ ਨੂੰ ਸਰਕਾਰੀ ਨੌਕਰੀਆਂ ਲਈ ਉਮਰ ਵਿੱਚ ਤਿੰਨ ਸਾਲ ਛੋਟ ਦਾ ਇਹ ਫਾਰਮੂਲਾ ਓ ਬੀ ਸੀ ਨੂੰ ਦਿੱਤੀ ਛੋਟ ਤੋਂ ਕੱਢਿਆ ਗਿਆ ਹੈ, ਜਿਹੜਾ ਜਲਦੀ ਲਾਗੂ ਕੀਤਾ ਜਾ ਸਕਦਾ ਹੈ।

ਭਾਰਤੀ ਵਿਗਿਆਨੀਆਂ ਦੀ ਪ੍ਰਾਪਤੀ :

# ਸਪੇਸ ਦੇ ਬਲੈਕ ਹੋਲ ਦੀ ਚਾਰ ਦੀਵਾਰੀ ਦੇ ਐਕਸ ਰੇਅ ਦਾ ਪਤਾ ਲਾ ਲਿਆ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਭਾਰਤੀ ਵਿਗਿਆਨੀਆਂ ਦੀ ਅਗਵਾਈ ਵਾਲੀ ਇੱਕ ਅੰਤਰਰਾਸ਼ਟਰੀ ਟੀਮ ਨੇ ਸਪੇਸ ਦੇ ਬਲੈਕ ਹੋਲ ਦੇ ਚਾਰੇ ਪਾਸੇ ਅਦਿੱਖ ਚਾਰ ਦੀਵਾਰੀ ਦੀ ਪਛਾਣ ਨਾਲ ਜੁੜੇ ਬ੍ਰਹਿਮੰਡੀ ਐਕਸ-ਕਿਰਨਾਂ ਦੇ ਇੱਕ ਵਿਲੱਖਣ ਗਰੁੱਪ ਦਾ ਪਤਾ ਲਾਇਆ ਹੈ। ਇਹ ਖੋਜ ਮੁੰਬਈ ਦੇ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ (ਟੀ ਆਈ ਐਫ ਆਰ) ਦੇ ਸੁਦੀਪ ਭੱਟਾਚਾਰੀਆ ਅਤੇ ਹੋਰ ਤਾਰਾ-ਪੁਲਾੜ ਮਾਹਰਾਂ ਨੇ ਕੀਤੀ ਹੈ, ਜਿਸ ਵਿੱਚ ਉਪਗ੍ਰਹਿ ਵੱਲੋਂ ਬ੍ਰਹਿਮੰਡੀ ਐਕਸ ਕਿਰਨਾਂ ਬਾਰੇ ਇੱਕਠੀ ਕੀਤੀ ਜਾਣਕਾਰੀ ਦਾ ਸਹਾਰਾ ਲਿਆ ਗਿਆ।

ਇਸ ਬਾਰੇ ਵਿਗਿਆਨੀਆਂ ਨੇ ਕਿਹਾ ਕਿ ਭਾਵੇਂ ਬਲੈਕਹੋਲ ਦੀ ਕੋਈ ਸਤ੍ਹਾ ਨਹੀਂ ਹੁੰਦੀ, ਪ੍ਰੰਤੂ ਇਹ ਅਦਿੱਖ ਚਾਰ ਦੀਵਾਰੀ ਦੇ ਘੇਰੇ ਵਿੱਚ ਕੈਦ ਹੁੰਦਾ ਹੈ, ਜਿਸ ਵਿੱਚ ਕੋਈ ਚੀਜ਼, ਇਥੋਂ ਤੱਕ ਕਿ ਰੋਸ਼ਨੀ ਵੀ ਬਚ ਕੇ ਨਹੀਂ ਜਾ ਸਕਦੀ ਅਤੇ ਸਭ ਕੁਝ ਇਸ ਵਿੱਚ ਸਮਾ ਜਾਂਦਾ ਹੈ। ਇਨ੍ਹਾਂ ਬਲੈਕ ਹੋਲ ਦੀ ਹੋਂਦ ਸਾਬਤ ਕਰਨ ਬਾਰੇ ਖੋਜਕਾਰਾਂ ਨੇ ਕਿਹਾ ਕਿ ਇਨ੍ਹਾਂ ਨੂੰ ਨਿਊਟ੍ਰਾਨ ਤਾਰਿਆਂ ਤੋਂ ਵੱਖ ਕਰਨ ਦੀ ਲੋੜ ਹੈ, ਜੋ ਕਠੋਰ ਸਤ੍ਹਾ ਦੇ ਨਾਲ ਬ੍ਰਹਿਮੰਡ ਵਿੱਚ ਸਭ ਤੋਂ ਸੰਘਣੀਆਂ ਵਸਤਾਂ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਖੋਜ ਵਿੱਚ ਵਿਗਿਆਨੀਆਂ ਨੇ ਸਮਾਂ ਵਿਹਾਅ ਚੁੱਕੇ ਉਪਗ੍ਰਹਿ 'ਰੋਸੀ ਐਕਸ ਰੇ' ਟਾਈਮਿੰਗ ਐਕਸਪਲੋਰਰ' ਵੱਲੋਂ ਇਕੱਠੇ ਕੀਤੇ ਅੰਕੜਿਆਂ ਦੀ ਮਦਦ ਲਈ ਅਤੇ ਉਪਗ੍ਰਹਿ ਵੱਲੋਂ ਦੇਖੀਆਂ ਗਈਆਂ ਬ੍ਰਹਿਮੰਡੀ ਐਕਸ ਕਿਰਨਾਂ ਤੋਂ ਅੱਜ ਤੱਕ ਛੋਟੇ, ਪਰ ਬਹੁਤ ਹੀ ਕਠੋਰ ਬਲੈਕ ਹੋਲ ਦੇ ਮਜ਼ਬੂਤ ਸਬੂਤ ਦਾ ਪਤਾ ਲਗਾਇਆ ਹੈ।

# ਦਿੱਲੀ ਦੰਗੇ-2020; ਫੇਸਬੁੱਕ ਦੇ ਐਮ ਡੀ ਖਿਲਾਫ ਕਾਰਵਾਈ ਉਤੇ 15 ਅਕਤੂਬਰ ਤਕ ਰੋਕ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀ ਕਮੇਟੀ ਨੂੰ ਸੁਪਰੀਮ ਕੋਰਟ ਨੇ ਹਦਾਇਤ ਦਿੱਤੀ ਹੈ ਕਿ ਫੇਸਬੁੱਕ ਇੰਡੀਆ ਦੇ ਉਪ ਪ੍ਰਧਾਨ ਅਤੇ ਐਮ ਡੀ ਅਜੀਤ ਮੋਹਨ ਖਿਲਾਫ 15 ਅਕਤੂਬਰ ਤੱਕ ਕੋਈ ਸਖਤ ਕਾਰਵਾਈ ਨਾ ਕੀਤੀ ਜਾਵੇ, ਜਿਸ ਨਾਲ ਇਹ ਕਾਰਵਾਈ ਹਾਲ ਦੀ ਘੜੀ ਰੋਕ ੀ ਦੱਤੀ ਗਈ ਹੈ।

ਵਰਨਣ ਯੋਗ ਹੈ ਕਿ ਦਿੱਲੀ ਵਿਧਾਨ ਸਭਾ ਦੀ ਇੱਕ ਕਮੇਟੀ ਨੇ ਅਜੀਤ ਮੋਹਨ ਨੂੰ ਉਤਰ-ਪੂਰਬੀ ਦਿੱਲੀ ਵਿੱਚ ਹੋਏ ਦੰਗਿਆਂ ਦੇ ਕੇਸ ਵਿੱਚ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਸੀ। ਇਹ ਕਮੇਟੀ ਨਫਰਤੀ ਭਾਸ਼ਣ ਦੇ ਪ੍ਰਸਾਰ ਵਿੱਚ ਸੋਸ਼ਲ ਮੀਡੀਆ ਦੀ ਫਰਮ ਫੇਸਬੁੱਕ ਦੀ ਭੂਮਿਕਾ ਬਾਰੇ ਜਾਂਚ ਕਰ ਰਹੀ ਹੈ। ਜਸਟਿਸ ਸੰਜੇ ਕਿਸ਼ਨ ਕੌਲ, ਅਨਿਰੁੱਧ ਬੋਸ ਤੇ ਕ੍ਰਿਸ਼ਨ ਮੁਰਾਰੀ ਦੇ ਬੈਂਚ ਨੇ ਵਿਧਾਨ ਸਭਾ ਦੇ ਸੈਕਟਰੀ ਨੂੰ ਨੋਟਿਸ ਜਾਰੀ ਕੀਤਾ ਅਤੇ ਕੇਂਦਰ ਸਰਕਾਰ ਦੇ ਕਾਨੂੰਨ ਅਤੇ ਨਿਆਂ, ਗ੍ਰਹਿ, ਇਲੈਕਟ੍ਰੋਨਿਕਸ ਤੇ ਆਈ ਟੀ ਮੰਤਰਾਲੇ ਅਤੇ ਹੋਰਨਾਂ ਨੂੰ ਵੀ ਨੋਟਿਸ ਜਾਰੀ ਕਰ ਕੇ ਦਾਇਰ ਅਰਜ਼ੀ ਬਾਰੇ ਜਵਾਬ ਦੇਣ ਨੂੰ ਕਿਹਾ ਹੈ। ਦਿੱਲੀ ਵਿਧਾਨ ਸਭਾ ਦੀ ਸ਼ਾਂਤੀ ਤੇ ਸਦਭਾਵਨਾ ਕਮੇਟੀ ਨੇ 10 ਅਤੇ 18 ਸਤੰਬਰ ਨੂੰ ਨੋਟਿਸ ਜਾਰੀ ਕਰ ਕੇ ਫੇਸ ਬੁੱਕ ਅਧਿਕਾਰੀਆਂ ਨੂੰ ਪੇਸ਼ ਹੋਣ ਲਈ ਕਿਹਾ ਸੀ ਅਤੇ ਇਸ ਤੋਂ ਬਾਅਦ ਅਜੀਤ ਮੋਹਨ ਅਤੇ ਹੋਰਨਾਂ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ, ਜਿੱਥੋਂ ਇਹ ਆਰਡਰ ਜਾਰੀ ਕੀਤੇ ਗਏ ਹਨ।

# ਇੰਗਲੈਂਡ ਦੀ ਮਸ਼ਹੂਰ ਵੈਬਲੇ ਐਂਡ ਸਕਾਟ ਭਾਰਤ ਵਿੱਚ ਵੀ ਮਿਲੇਗੀ

ਲਖਨਊ, 24 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਮੰਨੀ-ਪ੍ਰਮੰਨੀ ਹਥਿਆਰ ਕੰਪਨੀ ਵੈਬਲੇ ਐਂਡ ਸਕਾਟ ਯੂ ਪੀ ਵਿੱਚ ਰਿਵਾਲਵਰ ਫੈਕਟਰੀ ਲਾਵੇਗੀ। ਏਥੇ ਹਥਿਆਰ ਫੈਕਟਰੀ ਵਾਲੀ ਇਹ ਪਹਿਲੀ ਵਿਦੇਸ਼ੀ ਕੰਪਨੀ ਹੋਵੇਗੀ।

ਪਤਾ ਲੱਗਾ ਹੈ ਕਿ ਵੈਬਲੇ ਐਂਡ ਸਕਾਟ ਕੰਪਨੀ ਨੇ 35 ਸਾਲ ਬਾਅਦ ਭਾਰਤੀ ਬਾਜ਼ਾਰ ਆ ਕੇ ਲਖਨਊ ਦੀ ਸਿਆਲ ਮੈਨੂਫੈਕਚਰਜ਼ ਕੰਪਨੀ ਨਾਲ ਸਮਝੌਤਾ ਕੀਤਾ ਹੈ। ਯੂ ਪੀ ਦੇ ਜ਼ਿਲਾ ਹਰਦੋਈ ਦੇ ਸੰਡੀਲਾ ਵਿੱਚ ਕੰਪਨੀ ਆਪਣਾ ਪਲਾਂਟ ਲਾ ਰਹੀ ਹੈ ਅਤੇ ਨਵੰਬਰ ਤੋਂ ਉਤਪਾਦਨ ਸ਼ੁਰੂ ਕਰੇਗੀ। ਸਿਆਲ ਮੈਨੂਫੈਕਚਰਿੰਗ ਦੇ ਮੁਖੀ ਜੋਗਿੰਦਰ ਪਾਲ ਸਿੰਘ ਸਿਆਲ ਤੇ ਡਾਇਰੈਕਟਰ ਸੁਰਿੰਦਰਪਾਲ ਸਿੰਘ ਉਰਫ ਰਿੰਕੂ ਨੇ ਦੱਸਿਆ ਕਿ ਇਹ ਕੰਪਨੀ ਪਹਿਲੇ ਪੜਾਅ ਵਿੱਚ ਆਪਣੀ ਪ੍ਰਸਿੱਧ .32 ਰਿਵਾਲਵਰ ਬਣਾਏਗੀ, ਜਿਸ ਦੀ ਕੀਮਤ ਕਰੀਬ 1.6 ਲੱਖ ਰੁਪਏ ਹੋਵੇਗੀ। ਇਹ ਰਿਵਾਲਵਰ ਪੱਛਮੀ ਬੰਗਾਲ ਦੇ ਈਸਾ ਨਗਰ ਵਿੱਚ 29 ਤੋਂ ਤੀਹ ਸਤੰਬਰ ਦਰਮਿਆਨ ਟੈਸਟਿੰਗ ਲਈ ਭੇਜੀ ਜਾ ਰਹੀ ਹੈ। ਓਥੋਂ ਹਰੀ ਝੰਡੀ ਮਿਲਣ ਦੇ ਬਾਅਦ ਨਵੰਬਰ ਵਿੱਚ ਵੈਬਲੇ ਭਾਰਤੀ ਮਾਰਕੀਟ ਵਿੱਚ ਆ ਜਾਏਗੀ। ਹਰਦੋਈ ਪਲਾਂਟ ਵਿੱਚ ਹੀ 'ਮੇਕ ਇਨ ਇੰਡੀਆ' ਦੇ ਤਹਿਤ ਵੈਬਲੇ ਦੇ ਸਾਰੇ ਪੁਰਜੇ ਤਿਆਰ ਕੀਤੇ ਜਾਣਗੇ।

ਇਸ ਦੇ ਜਲਦੀ ਬਾਅਦ ਏ ਕੇ-47 ਦੀ ਤੀਸਰੀ ਪੀੜ੍ਹੀ ਵਾਲੀ ਅਸਾਲਟ ਰਾਈਫਲ ਏ ਕੇ-203 ਅਮੇਠੀ ਵਿੱਚ ਬਣੇਗੀ। ਇਸ ਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਰੂਸ ਸਰਕਾਰ ਨਾਲ ਸਮਝੌਤੇ ਪਿੱਛੋਂ ਇੰਡੋ-ਰਸ਼ੀਅਨ ਪ੍ਰਾਈਵੇਟ ਲਿਮਟਿਡ ਨੇ ਅਮੇਠੀ ਦੇ ਮੁੰਸ਼ੀਗੰਜ ਦੀ ਆਰਡਨੈਂਸ ਕੰਪਨੀ ਵਿੱਚ ਕੰਮ ਸ਼ੁਰੂ ਕੀਤਾ ਹੈ। ਪਹਿਲੇ ਪੜਾਅ ਵਿੱਚ 7.47 ਲੱਖ ਏ ਕੇ-203 ਰਾਈਫਲ ਬਣਾਈਆ ਜਾਣਗੀਆਂ।

# ਭਾਰਤ ਵਿੱਚ ਕਾਰਾਂ ਉੱਤੇ ਟੈਕਸ ਸੰਸਾਰ ਵਿਚ ਸਭ ਤੋਂ ਵੱਧ



ਮੁੰਬਈ, 24 ਸਤੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਵਾਹਨਾਂ 'ਤੇ ਲੱਗਣ ਵਾਲੇ ਵਸਤੂ ਅਤੇ ਸੇਵਾ ਟੈਕਸ (ਜੀ ਐਸ ਟੀ) ਦੇ ਬਰਾਬਰ ਟੈਕਸ, ਵੈਲਿਊ ਐਡਿਡ ਟੈਕਸ (ਵੈਟ) ਦੀ ਤੁਲਨਾ ਭਾਰਤ ਨਾਲ ਕਰੀਏ ਤਾਂ ਲਗਦਾ ਹੈ ਕਿ ਇਥੋਂ ਦੀਆਂ ਟੈਕਸ ਦਰਾਂ ਦੁਨੀਆ ਦੇ ਬਹੁਤੇ ਦੇਸ਼ਾਂ ਦੇ ਮੁਕਾਬਲੇ ਵੱਧ ਹਨ। ਭਾਰਤ 'ਚ ਕਾਰ ਅਤੇ ਦੋ ਪਹੀਆ ਵਾਹਨਾਂ ਉਤੇ ਜੀ ਐਸ ਟੀ ਦਰ 28 ਫੀਸਦੀ ਅਤੇ 3 ਤੋਂ 22 ਫੀਸਦੀ ਦੇ ਘੇਰੇ 'ਚ ਸੈਸ ਲਾਇਆ ਗਿਆ ਹੈ, ਜਿਸ ਨਾਲ ਪ੍ਰਭਾਵੀ ਟੈਕਸ ਦੀ ਦਰ ਵਧ ਕੇ 50 ਫੀਸਦੀ ਤੱਕ ਪਹੁੰਚ ਜਾਂਦੀ ਹੈ। ਜੀ ਐਸ ਟੀ ਨੂੰ ਜੁਲਾਈ 2017 'ਚ ਲਾਗੂ ਕੀਤਾ ਗਿਆ ਸੀ, ਜਿਸ 'ਚ ਉਤਪਾਦ ਟੈਕਸ, ਵੈਟ ਅਤੇ ਮਨੋਰੰਜਨ ਟੈਕਸ ਸਮੇਤ ਅਸਿੱਧੇ ਟੈਕਸਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਮੋਟਰ ਵਾਹਨ ਉੱਤੇ ਜੀ ਐਸ ਟੀ ਦੀ ਦਰ ਬਾਰੇ ਭਾਰਤ 'ਚ ਵਾਹਨ ਕੰਪਨੀਆਂ ਅਤੇ ਨੀਤੀ ਨਿਰਮ-ਾਤਾਵਾਂ ਵਿਚਾਲੇ ਅਕਸਰ ਡੈਡਲਾਕ ਰਹਿੰਦਾ ਹੈ। ਪਿਛਲੇ ਹਫਤੇ ਇਹ ਮੁੱਦਾ ਮੁੜ ਸੁਰਖੀਆਂ 'ਚ ਸੀ। ਵਿੱਤ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਵਾਹਨ ਉਦਯੋਗ ਵੱਲੋਂ ਪੇਸ਼ ਦਰਾਂ 'ਚ ਕਟੌਤੀ ਦਾ ਪ੍ਰਸਤਾਵ ਰੱਦ ਕਰ ਦਿੱਤਾ। ਉਸ ਅਧਿਕਾਰੀ ਨੇ ਪ੍ਰਸਤਾਵ ਰੱਦ ਕਰਦੇ ਹੋਏ ਕਿਹਾ ਕਿ ਮੌਜੂਦਾ ਟੈਕਸ ਵਿਵਸਥਾ ਤਹਿਤ ਮੋਟਰ ਵਾਹਨ 'ਤੇ ਜੀ ਐਸ ਟੀ ਦੀਆਂ ਦਰਾਂ ਪਿਛਲੇ ਵੈਟ ਅਤੇ ਉਤਪਾਦ ਟੈਕਸ ਦੀਆਂ ਦਰਾਂ ਦੇ ਮੁਕਾਬਲੇ ਘੱਟ ਹਨ। ਘੱਟ ਵਿਕਰੀ ਤੇ ਸੰਸਾਰ ਮਹਾਮਾਰੀ ਦੇ ਕਾਰਨ ਵਾਹਨ ਨਿਰਮਾਤਾ ਪਿਛਲੇ ਸਾਲ ਤੋਂ ਜੀ ਐਸ ਟੀ ਦਰ 'ਚ ਕਟੌਤੀ ਦੀ ਮੰਗ ਕਰ ਰਹੇ ਹਨ। ਪਿੱਛੇ ਜਿਹੇ ਟੋਯੋਟਾ ਕਿਰ-ਲੋਸਕਰ ਮੋਟਰ ਦੇ ਵਾਈਸ ਚੇਅਰਮੈਨ ਸ਼ੇਖਰ ਵਿਸ਼ਵਾਨਥਨ ਨੇ ਦੇਸ਼ 'ਚ ਗੈਰ-ਰਸਮੀ ਟੈਕਸ ਢਾਂਚੇ ਦਾ ਜ਼ਿਕਰ ਕਰਦੇ ਹੋਏ ਇਸ ਨੂੰ ਤਰਕਸ਼ੀਲ ਬਣਾਉਣ 'ਤੇ ਜ਼ੋਰ ਦਿੱਤਾ ਸੀ। ਮਾਰੂਤੀ ਸੁਜ਼ੂਕੀ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਕੇਨਿਚੀ ਆਯੁਕਾਵਾ ਨੇ ਵਾਹਨ ਉਦਯੋਗ ਦੇ ਸਾਲਾਨਾ ਸੰਮੇਲਨ 'ਚ ਟੈਕਸ ਘਟਾ ਕੇ ਮੰਗ ਨੂੰ ਰਫਤਾਰ ਦੇਣ ਦੀ ਗੱਲ ਕਹੀ ਸੀ।

# ਅਨੁਰਾਗ ਕਸ਼ਯੱਪ ਕੇਸ ਵਿੱਚ ਨਾਮ ਘਸੀਟੇ ਜਾਣ ਤੋਂ ਹੁਮਾ ਕੁਰੈਸ਼ੀ ਭੜਕੀ

ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਅਨੁਰਾਗ ਕਸ਼ਯੱਪ 'ਤੇ ਲੱਗੇ ਸੈਕਸੁਅਲ ਹਰਾਸਮੈਂਟ ਦੇ ਦੋਸ਼ 'ਤੇ ਬਾਲੀਵੁੱਡ ਅਭਿਨੇਤਰੀ ਹੁਮਾ ਕੁਰੈਸ਼ੀ ਵੀ ਉਨ੍ਹਾਂ ਦੀ ਹਿਮਾਇਤ ਵਿੱਚ ਆ ਗਈ ਹੈ। ਉਹ ਇਸ ਮਾਮਲੇ ਵਿੱਚ ਆਪਣਾ ਨਾਮ ਘਸੀਟੇ ਜਾਣ 'ਤੇ ਭੜਕ ਗਈ ਹੈ ਤੇ ਉਨ੍ਹਾਂ ਨੇ ਨੋਟਿਸ ਜਾਰੀ ਕੀਤਾ ਹੈ।

ਹੁਮਾ ਕੁਰੈਸ਼ੀ ਨੇ ਸੋਸ਼ਲ ਮੀਡੀਆ ਉੱਤੇ ਆਪਣੇ ਸਟੇਟਮੈਂਟ ਵਿੱਚ ਲਿਖਿਆ, 'ਅਨੁਰਾਗ ਤੇ ਮੈਂ 2012-13 ਵਿੱਚ ਆਖਰੀ ਵਾਰ ਇਕੱਠਿਆਂ ਕੰਮ ਕੀਤਾ ਸੀ। ਉਹ ਬਹੁਤ ਚੰਗੇ ਦੋਸਤ ਤੇ ਕਾਬਲ ਨਿਰਦੇਸ਼ਕ ਹਨ। ਮੇਰੇ ਆਪਣੇ ਤਜ਼ਰਬੇ ਤੇ ਮੇਰੀ ਜਾਣਕਾਰੀ ਦੇ ਮੁਤਾਬਕ ਉਨ੍ਹਾਂ ਨੇ ਮੇਰੇ ਜਾਂ ਕਿਸੇ ਹੋਰ ਨਾਲ ਕਦੇ ਦੁਰਵਿਹਾਰ ਨਹੀਂ ਕੀਤਾ। ਉਨ੍ਹਾਂ ਕਿਹਾ, 'ਫਿਰ ਵੀ ਜੇ ਕਿਸੇ ਦਾ ਦਾਅਵਾ ਹੈ ਕਿ ਉਨ੍ਹਾਂ ਨਾਲ ਗਲਤ ਵਿਹਾਰ ਕੀਤਾ ਗਿਆ ਹੈ ਤਾਂ ਇਸ ਦੀ ਸ਼ਿਕਾਇਤ ਪ੍ਰਸ਼ਾਸਨ, ਪੁਲਸ ਅਤੇ ਅਦਾਲਤ ਨੂੰ ਕਰਨੀ ਚਾਹੀਦੀ ਹੈ। ਮੈਂ ਅੱਜ ਤਕ ਇਸ ਲਈ ਚੁੱਪ ਕੀਤੀ ਸੀ ਕਿ ਸੋਸ਼ਲ ਮੀਡੀਆ ਫਾਈਟਸ ਤੇ ਮੀਡੀਆ ਟਰਾਇਲ ਵਿੱਚ ਮੈਂ ਯਕੀਨ ਨਹੀਂ ਰੱਖਦੀ। ਇਸ ਵਿਵਾਦ ਵਿੱਚ ਮੈਨੂੰ ਘਸੀਟੇ ਜਾਣ ਤੋਂ ਮੈਂ ਗੁੱਸੇ ਹਾਂ।

ਅਦਾਕਾਰ ਪਾਇਲ ਘੋਸ਼ ਨੇ ਅਨੁਰਾਗ ਕਸ਼ਯੱਪ 'ਤੇ ਦੋਸ਼ ਲਾਉਣ ਨਾਲ ਇਸ ਕੇਸ ਵਿੱਚ ਰਿਚਾ ਚੱਢਾ, ਹੁਮਾ ਕੁਰੈਸ਼ੀ ਸਮੇਤ ਕਈ ਅਭਿਨੇਤਰੀਆਂ ਦਾ ਨਾਂ ਲਿਆ ਤੇ ਦਾਅਵਾ ਕੀਤਾ ਸੀ ਕਿ ਅਨੁਰਾਗ ਨੇ ਕਿਹਾ ਸੀ ਕਿ ਉਨ੍ਹਾਂ ਦੇ ਕਰੀਬ 200 ਲੜਕੀਆਂ ਨਾਲ ਸਬੰਧ ਰਹੇ ਹਨ।

# ਭਾਜਪਾ ਨੇਤਾ ਦੇ ਘਰ ਸਮੇਤ ਕਈ ਥਾਵਾਂ ਉਤੇ ਐਨ ਆਈ ਏ ਵੱਲੋਂ ਛਾਪੇ

ਸ਼੍ਰੀਨਗਰ, 24 ਸਤੰਬਰ (ਪੋਸਟ ਬਿਊਰੋ)- ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਵੱਡੀ ਗਿਣਤੀ ਵਿੱਚ ਪੁਲਸ ਅਤੇ ਸੁਰੱਖਿਆ ਦਸਤਿਆਂ ਨਾਲ ਲੈ ਕੇ ਜੰਮੂ-ਕਸ਼ਮੀਰ ਦੇ ਘਾਟੀ ਖੇਤਰ ਵਿੱਚ 12 ਵੱਖ-ਵੱਖ ਥਾਂਈਂ ਛਾਪੇ ਮਾਰੇ ਹਨ।

ਅਧਿਕਾਰਤ ਸੂਤਰਾਂ ਮੁਤਾਬਕ ਐਨ ਆਈ ਏ ਦੇ ਅਧਿਕਾਰੀਆਂ ਨੇ ਉਤਰੀ ਕਸ਼ਮੀਰ ਦੇ ਬਾਰਮੂਲਾ ਜ਼ਿਲ੍ਹੇ ਵਿੱਚ ਗੁਲਾਮ ਰਸੂਲ ਵਾਜਾ ਦੇ ਘਰ ਦੇ ਨਾਲ ਸਾਬਕਾ ਸਰਪੰਚ ਤਾਰਿਕ ਅਹਿਮਦ ਦੇ ਘਰ ਛਾਪਾ ਮਾਰਿਆ। ਤਾਰਿਕ ਇੱਕ ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਕੇ ਪਿੱਛੇ ਜਿਹੇ ਰਿਹਾਅ ਹੋਇਆ ਹੈ। ਇਸ ਮੌਕੇ ਭਾਜਪਾ ਦੀ ਮਹਿਲਾ ਨੇਤਾ ਹਲੀਮਾ ਦੇ ਸਰਕਾਰੀ ਕੁਆਰਟਰ ਵਿੱਚ ਵੀ ਛਾਪੇਮਾਰੀ ਕੀਤੀ ਗਈ। ਹਲੀਮਾ ਨੇ ਕਿਹਾ ਕਿ ਬਾਰਾਮੂਲਾ ਵਿੱਚ ਉਨ੍ਹਾਂ ਦਾ ਸਰਕਾਰੀ ਕੁਆਰਟਰ ਪਹਿਲਾਂ ਤਾਰਿਕ ਅਹਿਮਦ ਨੂੰ ਦਿੱਤਾ ਗਿਆ ਸੀ, ਜਿਸ ਉਤੇ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਐਨ ਆਈ ਏ ਨੇ ਕੁਆਰਟਰ ਤੋਂ ਕੁਝ ਦਸਤਾਵੇਜ਼ ਵੀ ਬਰਾਮਦ ਕੀਤੇ ਹਨ। ਇਸੇ ਦੌਰਾਨ ਐਨ ਆਈ ਏ ਅਰਧ-ਸੈਨਿਕ ਬਲਾਂ ਤੇ ਪੁਲਸ ਦੀ ਮਦਦ ਨਾਲ ਸ਼ਹਿਰ ਦੀ ਪੌਸ਼ ਕਾਲੋਨੀ ਪੀਰਬਾਗ ਵਿੱਚ ਤਫਜ਼ੁਲ ਪਰਿਮੋ ਦੇ ਘਰ ਦੇ ਕੋਲੋਂ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਡੀ ਐਸ ਪੀ ਦਵਿੰਦਰ ਸਿੰਘ ਦੇ ਮਾਮਲੇ ਵਿੱਚ ਵੀ ਕਈ ਥਾਈਂ ਛਾਪੇ ਮਾਰੇ।

# ਹਰਿਆਣਵੀ ਸ਼ਰਾਬ ਨਾਲ ਰਾਜਸਥਾਨੀਆਂ ਨੂੰ ਟੱਲੀ ਕਰਨ ਜਾ ਰਿਹਾ ਡਰਾਈਵਰ ਫਰਾਰ



ਭੀਲਵਾੜਾ, 24 ਸਤੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਭੀਲਵਾੜਾ ਵਿੱਚ ਐਕਸਾਈਜ਼ ਵਿਭਾਗ ਨੇ ਵੱਡੀ ਕਾਰਵਾਈ ਕਰਦਿਆਂ ਭੀਲਵਾੜਾ-ਚਿਤੌੜਗੜ੍ਹ ਨੈਸ਼ਨਲ ਹਾਈਵੇ ਉੱਤੇ ਭੀਲਵਾੜਾ ਬਾਈਪਾਸ ਤੋਂ ਇੱਕ ਕੰਟੇਨਰ ਵਿੱਚ ਲਿਜਾਈ ਜਾਂਦੀ ਇੱਕ ਕਰੋੜ ਰੁਪਏ ਕੀਮਤ ਦੀ 1325 ਪੇਟੀਆਂ ਨਾਜਾਇਜ਼ ਅੰਗਰੇਜ਼ੀ ਸ਼ਰਾਬ ਫੜੀ ਹੈ। ਇਸ ਕੰਟੇਨਰ ਦੇ ਡਰਾਈਵਰ ਨੇ ਨਾਕਾ ਤੋੜ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਐਕਸਾਈਜ਼ ਟੀਮ ਨੇ ਡੇਢ ਕਿਲੋਮੀਟਰ ਤੱਕ ਪਿੱਛਾ ਕਰ ਕੇ ਕੰਟੇਨਰ ਘੇਰ ਲਿਆ, ਜਦ ਕਿ ਡਰਾਈਵਰ ਮੌਕੇ ਦਾ ਫਾਇਦਾ ਉਠਾ ਕੇ ਫਰਾਰ ਹੋ ਗਿਆ।

ਪਤਾ ਲੱਗਾ ਹੈ ਕਿ ਇਹ ਸ਼ਰਾਬ ਹਰਿਆਣਾ ਵਿੱਚ ਬਣਾਈ ਗਈ ਹੈ, ਜੋ ਸਿਰਫ ਉਥੇ ਹੀ ਵੇਚਣ ਲਈ ਰਜਿਸਟਰਡ ਸੀ। ਜ਼ਿਲਾ ਐਕਸਾਈਜ਼ ਅਧਿਕਾਰੀ ਮੁਕੇਸ਼ ਦੇਵਪੁਰਾ ਨੇ ਦੱਸਿਆ ਕਿ ਸਹਾਇਕ ਐਕਸਾਈਜ਼ ਅਧਿਕਾਰੀ ਮਹੀਪਾਲ ਸਿੰਘ ਦੀ ਅਗਵਾਈ ਵਿੱਚ ਐਕਸਾਈਜ਼ ਅਫਸਰ ਰਾਮ ਗੋਪਾਲ ਗੁੱਜਰ ਦੀ ਟੀਮ ਨੇ ਇਹ ਸਮੁੱਚੀ ਕਾਰਵਾਈ ਕੀਤੀ ਹੈ। ਜ਼ਿਲ੍ਹਾ ਐਕਸਾਈਜ਼ ਅਧਿਕਾਰੀ ਦੇਵਪੁਰਾ ਨੇ ਦੱਸਿਆ ਕਿ ਫੜੀ ਗਈ ਸ਼ਰਾਬ ਵਿੱਚ ਕਈ ਮਹਿੰਗੇ ਬ੍ਰਾਂਡ ਸ਼ਾਮਲ ਹਨ। ਦੱਸਿਆ ਜਾ ਰਿਹਾ ਹੈ ਕਿ ਸ਼ਰਾਬ ਪੰਚਾਇਤ ਚੋਣਾਂ ਵਿੱਚ ਵੋਟਰਾਂ ਨੂੰ ਵੰਡਣੀ ਸੀ। ਭੀਲਵਾੜਾ ਜ਼ਿਲ੍ਹੇ ਦੀਆਂ 125 ਗ੍ਰਾਮ ਪੰਚਾਇਤਾਂ ਵਿੱਚ ਪੰਚਾਂ ਅਤੇ ਸਰਪੰਚਾਂ ਦੀਆਂ ਚੋਣਾਂ ਹੋਣੀਆਂ ਹਨ। ਇਸੇ ਕਾਰਨ ਐਕਸਾਈਜ਼ ਕਮਿਸ਼ਨਰ ਨੇ ਨਾਕੇਬੰਦੀ ਦੇ ਹੁਕਮ ਦਿੱਤੇ ਹੋਏ ਹਨ। ਜ਼ਿਲ੍ਹਾ ਐਕਸਾਈਜ਼ ਅਧਿਕਾਰੀ ਨੇ ਦੱਸਿਆ ਕਿ ਵਾਹਨ ਮਾਲਕ ਅਤੇ ਡਰਾਈਵਰ ਦਾ ਪਤਾ ਲਾਇਆ ਜਾ ਰਿਹਾ ਹੈ।

# ਜਹਾਜ਼ ਦੇ ਅੰਦਰ ਕੋਵਿਡ ਇਨਫੈਕਸ਼ਨ ਦਾ ਖਦਸ਼ਾ ਬੇਹੱਦ ਘੱਟ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਕੌਮਾਂਤਰੀ ਹਵਾਈ ਟ੍ਰਾਂਸਪੋਰਟ ਐਸੋਸੀਏਸ਼ਨ (ਆਈ ਏ ਟੀ ਏ) ਨੇ ਇਹ ਦਾਅਵਾ ਕੀਤਾ ਹੈ ਕਿ ਜਹਾਜ਼ 'ਚ ਕੋਵਿਡ-19 ਇਨਫੈਕਸ਼ਨ ਦਾ ਖਦਸ਼ਾ ਬੇਹੱਦ ਘੱਟ ਹੈ।

ਆਇਟਾ ਨੇ ਇੱਕ ਅਧਿਐਨ ਰਿਪੋਰਟ, ਜਿਸ 'ਚ ਦੱਸਿਆ ਗਿਆ ਹੈ ਕਿ ਇਸ ਸਾਲ ਮਾਰਚ 'ਚ ਲੰਡਨ ਤੋਂ ਹਨੋਈ ਅਤੇ ਬੋਸਟਨ ਤੋਂ ਹਾਂਗਕਾਂਗ ਅਤੇ ਕੁਝ ਹੋਰ ਉਡਾਨਾਂ 'ਚ ਯਾਤਰਾ ਦੌਰਾਨ ਲੋਕਾਂ ਦੇ ਇਨਫੈਕਟਿਡ ਹੋਣ ਦੇ ਸਬੂਤ ਮਿਲੇ ਹਨ, ਉੱਤੇ ਪ੍ਰਤੀਕਿਰਿਆ ਦੇਂਦੇ ਹੋਏ ਕਿਹਾ ਕਿ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਟਰੇਨ, ਬੱਸ, ਰੈਸਟੋਰੈਂਟ ਅਤੇ ਦਫ਼ਤਰਾਂ ਦੀ ਤੁਲਨਾ 'ਚ ਹਵਾਈ ਸਫਰ ਦੌਰਾਨ ਕੋਵਿਡ-19 ਦੀ ਇਨਫੈਕਸ਼ਨ ਦਾ ਖਤਰਾ ਬੇਹੱਦ ਘੱਟ ਹੈ। ਜਹਾਜ਼ਾਂ 'ਚ ਹੇਪਾ ਫਿਲਟਰ ਲੱਗੇ ਹੋਣ ਨਾਲ ਵੀ ਲਾਭ ਹੁੰਦਾ ਹੈ ਜੋ ਵਾਇਰਸ ਸਮੇਤ ਹਵਾ 'ਚ ਮੌਜੂਦ 99.99 ਫੀਸਦੀ ਕਣਾਂ ਨੂੰ ਫਿਲਟਰ ਕਰਦਾ ਹੈ। ਉਸ ਨੇ ਕਿਹਾ ਕਿ ਅਧਿਐਨ 'ਚ ਜਿਨਾਂ ਦੋ ਉਡਾਣਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਮਾਰਚ ਮਹੀਨੇ ਦੀਆਂ ਹਨ। ਉਸ ਸਮੇਂ ਤੋਂ ਅੱਜ ਤੱਕ ਕਾਫੀ ਕੁਝ ਬਦਲ ਚੁੱਕਾ ਹੈ। ਅੱਜ ਚਿਹਰੇ 'ਤੇ ਮਾਸਕ ਅਤੇ ਹੋਰ ਕਵਰ ਲਗਾਉਣਾ ਆਮ ਗੱਲ ਹੋ ਗਈ ਹੈ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਭਾਜਪਾਈਆਂ ਦੀ ਦਾਦਾਗਿਰੀ :

# ਜੰਮੂ-ਕਸ਼ਮੀਰ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਨਾ ਦੇਣ ਦਾ ਬਿੱਲ ਵੀ ਪਾਸ



ਨਵੀਂ ਦਿੱਲੀ, 24 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਨਾ ਦੇਣ ਦਾ ਬਿੱਲ ਪੰਜਾਬੀ ਲੋਕਾਂ ਦੇ ਰੋਸ ਦੇ ਬਾਵਜੂਦ ਲੋਕ ਸਭਾ ਵਿੱਚ ਪਾਸ ਕਰ ਦਿੱਤਾ ਗਿਆ ਹੈ।

ਉਰਦੂ ਅਤੇ ਅੰਗਰੇਜ਼ੀ ਤੋਂ ਇਲਾਵਾ ਕਸ਼ਮੀਰੀ, ਡੋਗਰੀ ਤੇ ਹਿੰਦੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਬਾਰੇ ਬਿੱਲ ਲੋਕ ਸਭਾ 'ਚ ਜ਼ੁਬਾਨੀ ਵੋਟ ਨਾਲ ਪਾਸ ਕੀਤਾ ਗਿਆ ਹੈ, ਜਦੋਂ ਕਿ ਇਸ ਰਾਜ ਦੇ ਸਿੱਖ ਭਾਈਚਾਰੇ ਵੱਲੋਂ ਪੰਜਾਬੀ ਨੂੰ ਵੀ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ ਤੇ ਪੰਜਾਬੀ ਨੂੰ ਇਸ ਬਿੱਲ ਤੋਂ ਬਾਹਰ ਰੱਖੇ ਜਾਣ 'ਤੇ ਸਖਤ ਵਿਰੋਧ ਪ੍ਰਗਟਾਇਆ ਜਾ ਰਿਹਾ ਹੈ। ਜੰਮੂ-ਕਸ਼ਮੀਰ ਸਰਕਾਰੀ ਭਾਸ਼ਾ ਬਿੱਲ 2020 ਵਿੱਚ ਪੰਜ ਭਾਸ਼ਾਵਾਂ ਹਿੰਦੀ, ਅੰਗਰੇਜ਼ੀ, ਉਰਦੂ, ਕਸ਼ਮੀਰੀ ਅਤੇ ਡੋਗਰੀ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤੀ ਗਈ ਹੈ। ਹੇਠਲੇ ਸਦਨ ਲੋਕ ਸਭਾ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ. ਕਿਸ਼ਨ ਰੈਡੀ ਨੇ ਜਦੋਂ ਇਹ ਬਿੱਲ ਪੇਸ਼ ਕੀਤਾ ਤਾਂ ਨੈਸ਼ਨਲ ਕਾਨਫਰੰਸ ਦੇ ਹਸਨੈਨ ਮਸੂਦੀ ਨੇ ਇਸ ਦਾ ਵਿਰੋਧ ਕੀਤਾ। ਇਸ ਮੌਕੇ ਕੇਂਦਰੀ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਜੰਮੂ-ਕਸ਼ਮੀਰ ਦੇ 53.26 ਫੀਸਦੀ ਲੋਕ ਕਸ਼ਮੀਰੀ ਭਾਸ਼ਾ, 26.64 ਫੀਸਦੀ ਲੋਕ ਡੋਗਰੀ, 2.36 ਫੀਸਦੀ ਲੋਕ ਹਿੰਦੀ ਦੇ ਬਾਅਦ ਮੌਜੂਦਾ ਸਰਕਾਰੀ ਭਾਸ਼ਾ ਉਰਦੂ ਕੇਵਲ 0.16 ਫੀਸਦੀ ਲੋਕ ਬੋਲਦੇ ਹਨ। ਸੱਤਰ ਸਾਲਾਂ ਤੋਂ ਉਰਦੂ ਜੰਮੂ-ਕਸ਼ਮੀਰ ਦੀ ਸਰਕਾਰੀ ਭਾਸ਼ਾ ਹੈ। ਉਨ੍ਹਾਂ ਸਦਨ ਨੂੰ ਦੱਸਿਆ ਕਿ ਜੰਮੂ-ਕਸ਼ਮੀਰ ਦੇ ਲੋਕਾਂ ਦੀ ਮੰਗ ਹੈ ਕਿ ਜਿਹੜੀਆਂ ਭਾਸ਼ਾਵਾਂ ਉਹ ਬੋਲਦੇ ਹਨ, ਉਨ੍ਹਾਂ ਨੂੰ ਸਰਕਰੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ। ਨੈਸ਼ਨਲ ਕਾਨਫਰੰਸ ਦੇ ਹਸਨੈਨ ਮਸੂਦੀ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਜੇ ਕੇਵਲ 0.16 ਫੀਸਦੀ ਲੋਕ ਉਰਦੂ ਬੋਲਦੇ ਹਨ ਤਾਂ ਉਸ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਕਿਉਂ ਦਿੱਤਾ ਗਿਆ ਹੈ, ਕਿਸੇ ਹੋਰ ਸੂਬੇ ਵਿੱਚ ਪੰਜ ਸਰਕਾਰੀ ਭਾਸ਼ਾਵਾਂ ਨਹੀਂ ਹਨ। ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਗੱਲੋਂ ਹੈਰਾਨ ਹਨ ਕਿ ਨੈਸ਼ਨਲ ਕਾਨਫਰੰਸ ਵਾਲੇ ਕਸ਼ਮੀਰੀ ਭਾਸ਼ਾ ਦਾ ਵਿਰੋਧ ਕਰਦੇ ਹਨ। ਇਸ ਦੌਰਾਨ ਬੀਜੂ ਜਨਤਾ ਦਲ ਦੇ ਪਿਨਾਕੀ ਮਿਸ਼ਰਾ ਨੇ ਕਿਹਾ ਕਿ ਕਈ ਮੈਂਬਰਾਂ ਨੇ ਪੰਜਾਬੀ ਨੂੰ ਵੀ ਸਰਕਾਰੀ ਭਾਸ਼ਾ ਵਿੱਚ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਲਈ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਜੰਮੂ-ਕਸ਼ਮੀਰ ਵਿੱਚ ਕਿੰਨੇ ਫੀਸਦੀ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ।

# ਇਟਲੀ ਵਿੱਚ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ ਘੱਟ ਕਰਨ ਦਾ ਰਾਹ ਸਾਫ



*** ਰੈਫਰੈਂਡਮ ਦੇ ਹੱਕ 'ਚ 70 ਫ਼ੀਸਦੀ ਲੋਕਾਂ ਵੱਲੋਂ ਵੋਟ**

ਵੀਨਸ, 24 ਸਤੰਬਰ (ਪੋਸਟ ਬਿਊਰੋ)- ਇਟਲੀ 'ਚ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ ਘੱਟ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਸਬੰਧ 'ਚ ਕੱਲ੍ਹ ਹੋਏ ਮੱਤਦਾਨ ਵਿੱਚ 70 ਫ਼ੀਸਦੀ ਲੋਕਾਂ ਨੇ ਰੈਫਰੈਂਡਮ ਦੇ ਹੱਕ ਵਿੱਚ ਭਾਵ ਮੈਂਬਰਾਂ ਦੀ ਗਿਣਤੀ ਘੱਟ ਕਰਨ ਲਈ ਵੋਟ ਦਿੱਤੀ ਤੇ ਇਸ ਦੇ ਵਿਰੁੱਧ ਕੇਵਲ 30 ਫ਼ੀਸਦੀ ਲੋਕਾਂ ਨੇ ਵੋਟ ਦਿੱਤੀ। ਇਸ ਤਰ੍ਹਾਂ ਇਟਲੀ 'ਚ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ ਘੱਟ ਕੇ 630 ਰਹਿ ਜਾਵੇਗੀ ਜੋ ਪਹਿਲਾਂ ਹੇਠਲੇ ਅਤੇ ਉਪਰਲੇ ਸਦਨ ਨੂੰ ਮਿਲਾ ਕੇ ਮੈਂਬਰਾਂ ਦੀ ਕੁੱਲ ਗਿਣਤੀ 945 ਸੀ। ਇਸ ਨਾਲ ਰੋਜ਼ਾਨਾ ਤਿੰਨ ਲੱਖ ਯੂਰੋ ਦੇ ਖਰਚੇ ਦੀ ਬੱਚਤ ਹੋਵੇਗੀ।

ਵਰਨਣ ਯੋਗ ਹੈ ਕਿ ਇਟਲੀ ਦੀ ਮੌਜੂਦਾ 'ਫਾਈ ਸਟਾਰ ਮੂਵਮੈਂਟਸ' ਸਰਕਾਰ ਦੇ ਆਗੂਆਂ ਨੇ ਸੱਤਾ 'ਚ ਆਉਣ ਸਮੇਂ ਤੋਂ ਹੀ ਇਹ ਰੈਫਰੈਂਡਮ ਕਰਵਾਉਣ ਦਾ ਫੈਂਸਲਾ ਕੀਤਾ ਸੀ। ਇਸ ਦੇ ਹੱਕ ਵਿੱਚ ਪਈ ਭਾਰੀ ਵੋਟ ਤੋਂ ਖ਼ੁਸ਼ ਹੋ ਕੇ 'ਫਾਈਵ ਸਟਾਰ ਮੁਵਮੈਂਟ' ਦੇ ਆਗੂ ਲੁਈਜੀ ਦੀ ਮਾਈਓ ਨੇ ਕਿਹਾ ਕਿ ਇਹ ਸਰਕਾਰ ਦੀ ਇਤਿਹਾਸਕ ਜਿੱਤ ਹੈ ਤੇ ਇਸ ਦਿਨ ਦਾ ਪਿਛਲੇ 30 ਸਾਲ ਤੋਂ ਇੰਤਜਾਰ ਸੀ।

# ਨੇਪਾਲ ਵਿੱਚ ਕਬਜ਼ੇ ਕਰਨ ਦੇ ਖਿਲਾਫ ਚੀਨੀ ਦੂਤਘਰ ਮੂਹਰੇ ਰੋਸ ਪ੍ਰਦਰਸ਼ਨ






ਕਾਠਮੰਡੂ, 24 ਸਤੰਬਰ (ਪੋਸਟ ਬਿਊਰੋ)- ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿੱਚ ਚੀਨੀ ਦੂਤ ਘਰ ਅੱਗੇ ਕੱਲ੍ਹ ਦੁਪਹਿਰੇ ਹੁਮਲਾ ਜ਼ਿਲ੍ਹੇ ਦੇ ਪੱਛਮੀ-ਉਤਰੀ ਹਿੱਸੇ ਵਿੱਚ ਚੀਨ ਵੱਲੋਂ ਕੀਤੇ ਨੇਪਾਲੀ ਖੇਤਰ 'ਤੇ ਕਬਜ਼ੇ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਨੌਜਵਾਨਾਂ ਸਮੇਤ ਕਈ ਪ੍ਰਦਰਸ਼ਨ ਕਾਰੀਆਂ ਨੇ ਕਬਜ਼ੇ ਦੇ ਖਿਲਾਫ ਨਾਅਰੇ ਲਾਏ ਅਤੇ ਚੀਨ ਤੋਂ ਨੇਪਾਲ ਦਾ ਖੇਤਰ ਤੁਰੰਤ ਛੱਡਣ ਤੇ ਦੋ-ਪੱਖੀ ਸੀਮਾ ਸੰਧੀ ਦਾ ਸਨਮਾਨ ਕਰਨ ਦੀ ਮੰਗ ਕੀਤੀ। ਕੁਝ ਨੌਜਵਾਨ ਪ੍ਰਦਰਸ਼ਨ ਕਾਰੀਆਂ ਨੇ ਹੱਥਾਂ ਵਿੱਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨਾਂ ਉਪਰ ਚੀਨ ਨੂੰ ਵਾਪਸ ਜਾਣ ਲਈ ਕਿਹਾ ਹੋਇਆ ਸੀ। ਬਾਅਦ ਵਿੱਚ ਪੁਲਸ ਨੇ ਪ੍ਰਦਰਸ਼ਨ ਕਾਰੀਆਂ ਨੂੰ ਖਦੇੜ ਦਿੱਤਾ।

ਪ੍ਰਦਰਸ਼ਨ ਕਰਨ ਵਾਲਿਆਂ ਨੇ ਨੇਪਾਲ ਅਤੇ ਚੀਨ ਵਿੱਚ ਪੈਂਦੇ ਦੋ ਸਰਹੱਦੀ ਪੁਆਇੰਟਾਂ ਨੂੰ ਫਿਰ ਖੋਲ੍ਹਣ ਦੀ ਮੰਗ ਵੀ ਕੀਤੀ, ਜਿਨਾਂ ਨੂੰ 10 ਮਹੀਨੇ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਸਿੰਧੂ ਪਾਲ ਚੋਕ ਜ਼ਿਲ੍ਹੇ ਦੇ ਤਾਤੋਪਾਨੀ ਤੇ ਰਸੁਵਾ ਜ਼ਿਲ੍ਹੇ ਦੇ ਰਸੁਵਾਗੜ੍ਹੀ ਨੂੰ ਬੰਦ ਕਰ ਦਿੱਤਾ ਗਿਆ ਹੈ, ਜਿਸ ਕਾਰਨ ਚੀਨ ਤੋਂ ਆਉਣ ਵਾਲੇ ਅਰਬਾਂ ਰੁਪਏ ਦਾ ਇੰਪੋਰਟ ਮਾਲ ਅਤੇ ਸਾਮਾਨ ਉਥੇ ਅਟਕ ਗਿਆ ਹੈ। ਨੇਪਾਲੀ ਮੀਡੀਆ ਨੇ ਵੱਡੇ ਰੂਪ ਵਿੱਚ ਨੇਪਾਲ ਖੇਤਰ ਦੇ ਦੂਰ-ਦਰਾਡੇ ਇਲਾਕਿਆਂ ਵਿੱਚ ਚੀਨੀ ਸੁਰੱਖਿਆ ਫੋਰਸਾਂ ਵੱਲੋਂ 11 ਪੱਕੀਆਂ ਬਿਲਡਿੰਗਾਂ ਬਣਾਉਣ ਦੀ ਖਬਰ ਕਵਰ ਕੀਤੀ ਸੀ।

ਚੀਨੀ ਦੂਤਘਰ ਨੇ ਉਨ੍ਹਾਂ ਇਮਾਰਤਾਂ ਦੇ ਚੀਨ-ਨੇਪਾਲ ਸਰਹੱਦ ਦੇ ਚੀਨੀ ਖੇਤਰ ਵਿੱਚ ਹੋਣ ਦੀ ਪੁਸ਼ਟੀ ਕੀਤੀ ਗਈ ਅਤੇ ਨੇਪਾਲੀ ਪੱਖ ਮ÷ੀ ਇਸ ਦੀ ਸਥਿਤੀ ਫਿਰ ਸਪੱਸ਼ਟ ਕਰਨ ਲਈ ਕਿਹਾ ਹੈ।

# ਛੇਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਬਣਾਉਣ ਵਿੱਚ ਅਮਰੀਕਾ ਤੋਂ ਚੀਨ ਪੱਛੜਿਆ

ਬੀਜਿੰਗ, 24 ਸਤੰਬਰ (ਪੋਸਟ ਬਿਊਰੋ)- ਛੇਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਬਣਾਉਣ ਵਿੱਚ ਅਮਰੀਕੀ ਹਵਾਈ ਫੌਜ ਨੇ ਚੀਨ ਨੂੰ ਪਛਾੜ ਦਿੱਤਾ ਹੈ। ਹਾਂਗਕਾਂਗ ਦੇ ਸਾਊਥ ਚਾਈਨਾ ਮਾਰਨਿੰਗ ਪੋਸਟ ਵੱਲੋਂ ਛਾਪੀ ਖਬਰ ਮੁਤਾਬਕ ਛੇਵੀ ਪੀੜ੍ਹੀ ਦੇ ਲੜਾਕੂ ਜਹਾਜ਼ ਬਣਾਉਣ ਵਿੱਚ ਅਮਰੀਕਾ ਸਭ ਤੋਂ ਅੱਗੇ ਹੈ ਤੇ ਉਸ ਦੀ ਹਵਾਈ ਫੌਜ ਨੇ ਕੁਝ ਦਿਨ ਪਹਿਲਾਂ ਇਸ ਜਹਾਜ਼ ਦੇ ਪ੍ਰੋਟੋਟਾਈਪ ਦਾ ਪ੍ਰੀਖਣ ਕੀਤਾ ਸੀ। ਅਮਰੀਕਾ ਕੋਲ ਫਿਲਹਾਲ ਪੰਜਵੀਂ ਪੀੜ੍ਹੀ ਦੇ ਦੋ ਲੜਾਕੂ ਜਹਾਜ਼ ਹਨ। ਸਾਲ 1997 ਵਿੱਚ ਚੀਨ ਨੇ ਪੰਜਵੀਂ ਪੀੜ੍ਹੀ ਦੇ ਲੜਾਕੂ ਜਹਾਜ਼ ਬਣਾਉਣ ਦੀ ਸ਼ੁਰੂਆਤ ਕੀਤੀ ਸੀ। ਇਸ ਪੀੜ੍ਹੀ ਤੋਂ ਪਹਿਲਾਂ ਜਹਾਜ਼ ਚੇਂਗਦੂ ਜੇ-20 ਨੇ 2011 ਵਿੱਚ ਪਹਿਲੀ ਵਾਰ ਉਡਾਣ ਭਰੀ ਅਤੇ 2017 ਵਿੱਚ ਇਸ ਨੂੰ ਹਵਾਈ ਫੌਜ ਵਿੱਚ ਸ਼ਾਮਲ ਕੀਤਾ ਗਿਆ। ਜੇ-20 ਲੜਾਕੂ ਜਹਾਜ਼ ਬਣਾਉਣ ਵਾਲੇ ਚੇਂਗਦੂ ਏਅਰ ਕਰਾਫਟ ਇੰਡਸਟਰੀ ਗਰੁੱਪ ਦੇ ਚੀਫ ਡਿਜ਼ਾਈਨਰ ਵਾਂਗ ਹੈਫੇਂਗ ਨੇ ਪਹਿਲਾਂ ਹੀ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਚੀਨ ਨੇ ਅਗਲੀ ਪੀੜ੍ਹੀ ਦੇ ਲੜਾਕੂ ਜਹਾਜ਼ਾਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਵਾਂਗ ਦੇ ਹਵਾਲੇ ਨਾਲ ਅਖਬਾਰ ਨੇ ਲਿਖਿਆ ਕਿ ਜੰਗ ਦੇ ਹਾਲਾਤ ਨੂੰ ਧਿਆਨ 'ਚ ਰੱਖਦੇ ਹੋਏ ਤਕਨੀਕੀ ਵਿਸ਼ੇਸ਼ਤਾਵਾਂ 'ਤੇ ਕੰਮ ਸ਼ੁਰੂ ਹੋ ਗਿਆ ਹੈ। ਵਾਂਗ ਨੇ ਭਰੋਸਾ ਪ੍ਰਗਟਾਇਆ ਕਿ 2035 ਜਾਂ ਉਸ ਤੋਂ ਪਹਿਲਾਂ ਇੱਕ ਸ਼ਕਤੀਸ਼ਾਲੀ ਹਥਿਆਰ ਦੁਨੀਆ ਦੇ ਸਾਹਮਣੇ ਹੋਵੇਗਾ। ਛੇਵੀਂ ਪੀੜ੍ਹੀ ਦੇ ਲੜਾਕੂ ਜਹਾਜ਼ਾਂ 'ਚ ਕੀ ਖਾਸੀਅਤ ਹੋਵੇਗੀ। ਇਹ ਤਾਂ ਨਹੀਂ ਪਤਾ, ਪਰ ਵਾਂਗ ਨੇ ਕਿਹਾ ਕਿ ਜਹਾਜ਼ ਡਰੋਨ ਤੇ ਲੇਜ਼ਰ ਹਥਿਆਰ ਨਾਲ ਲੈਸ ਹੋਵੇਗਾ।

# ਪਾਕਿ ਫੌਜ ਅਤੇ ਆਈ ਐਸ ਆਈ ਵੱਲੋਂ ਵਿਰੋਧੀ ਨੇਤਾਵਾਂ ਧਿਰ ਦੇ ਨਾਲ ਗੁਪਤ ਬੈਠਕ




ਇਸਲਾਮਾਬਾਦ, 24 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਅਤੇ ਆਈ ਐਸ ਆਈ ਦੇ ਮੁਖੀ ਲੈਫਟੀਨੈਂਟ ਜਨਰਲ ਫੈਜ਼ ਹਮੀਦ ਨੇ ਬਹੁ-ਪਾਰਟੀ ਸੰਮੇਲਨ ਤੋਂ ਕੁਝ ਦਿਨ ਪਹਿਲਾਂ ਪ੍ਰਮੱਖ ਵਿਰੋਧੀ ਨੇਤਾਵਾਂ ਨਾਲ ਗੁਪਤ ਬੈਠਕ ਕੀਤੀ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਆਪਣੇ ਸਿਆਸੀ ਮਤਭੇਦਾਂ ਵਿੱਚ ਫੌਜ ਦਾ ਨਾਂਅ ਘਸੀਟਣ ਤੋਂ ਬਚਣ ਨੂੰ ਕਿਹਾ ਸੀ।

ਮੀਡੀਆ ਵਿੱਚ ਕੱਲ੍ਹ ਆਈ ਇੱਕ ਖਬਰ ਮੁਤਾਬਕ ਬਾਜਵਾ ਤੇ ਹਮੀਦ ਨੇ ਬੈਠਕ 16 ਸਤੰਬਰ ਨੂੰ ਕੀਤੀ ਸੀ, ਜਿਸ ਵਿੱਚ ਨੈਸ਼ਨਲ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ ਤੇ ਪਾਕਿ-ਸਤਾਨ ਪੀਪੁਲਸ ਪਾਰਟੀ (ਪੀ ਪੀ ਪੀ) ਦੇ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਸਮੇਤ ਕਰੀਬ 15 ਨੇਤਾ ਸ਼ਾਮਲ ਸਨ। ਖਬਰ ਮੁਤਾਬਕ ਸੈਸ਼ਨ ਲਈ ਤੈਅ ਨਿਯਮਾਂ ਦੇ ਮੁਤਾਬਕ ਬੈਠਕ ਦਾ ਜਨਤਕ ਖੁਲਾਸਾ ਨਹੀਂ ਕੀਤਾ ਜਾਣਾ ਸੀ।

ਰੇਲ ਮੰਤਰੀ ਸ਼ੇਖ਼ ਰਾਸ਼ਿਦ ਨੇ ਬੈਠਕ ਅਤੇ ਉਸ ਦੇ ਭਾਈਵਾਲਾਂ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਹ ਬੈਠਕ ਗਿਲਗਿਤ-ਬਾਲਟਿਸਤਾਨ ਦੀ ਸੰਵਿਧਾਨਕ ਸਥਿਤੀ ਵਿੱਚ ਹੋਣ ਵਾਲੇ ਬਦਲਾਅ 'ਤੇ ਚਰਚਾ ਬਾਰੇ ਹੋਈ ਸੀ। ਭਾਰਤ ਇਸ ਬਦਲਾਅ ਦਾ ਵਿਰੋਧ ਕਰਦਾ ਹੈ। ਵਿਰੋਧੀ ਧਿਰ ਨੇ ਇਸ ਮੌਕੇ ਨੂੰ ਹੋਰਨਾਂ ਮੁੱਦਿਆਂ ਬਾਰੇ ਆਪਣੀਆਂ ਚਿੰਤਾਵਾਂ ਪੇਸ਼ ਕਰਨ ਲਈ ਵਰਤਿਆ, ਜਿਨ੍ਹਾਂ ਵਿੱਚ ਖਾਸ ਤੌਰ 'ਤੇ ਸਿਆਸਤ ਵਿੱਚ ਫੌਜ ਦੇ ਦਖਲ ਅਤੇ ਜਵਾਬਦੇਹੀ ਦੇ ਨਾਂਅ 'ਤੇ ਵਿਰੋਧੀ ਧਿਰ ਦੇ ਵੱਡੇ ਆਗੂਆਂ ਦਾ ਸ਼ੋਸ਼ਣ ਸ਼ਾਮਲ ਸੀ।

ਉਂਜ ਦੱਸਿਆ ਜਾ ਰਿਹਾ ਹੈ ਕਿ ਪਾਕਿ-ਸਤਾਨ ਨੇ ਗਿਲਗਿਤ ਪਲਾਨ ਦੇ ਪਿੱਛੇ ਪਾਕਿਸਤਾਨ ਦੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਦਾ ਹੱਥ ਹੈ। ਪਾਕਿ-ਸਤਾਨ ਦੀ ਇੱਕ ਚਰਚਿਤ ਪੱਤਰਕਾਰ ਰਾਉਫਾ ਕਲਾਸਰਾ ਮੁਤਾਬਕ ਫੌਜ ਦੇ ਮੁਖੀ ਨੇ ਗਿਲਗਿਤ ਬਾਰੇ ਦੇਸ਼ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਫੌਜੀ ਹੈਡਕੁਆਰਟਰ ਰਾਵਲਪਿੰਡੀ ਵਿੱਚ ਇੱਕ ਦਾਵਤ ਵਿੱਚ ਬੁਲਾਇਆ ਸੀ। ਕਲਾਸਰਾ ਮੁਤਾਬਕ, ਲੋਕਤੰਤਰ ਦਾ ਦਾਅਵਾ ਕਰਦੇ ਪਾਕਿਸਤਾਨੀ ਨੇਤਾਵਾਂ ਨੂੰ ਫੌਜ ਮੁਖੀ ਨੇ ਤਲਬ ਕੀਤਾ ਅਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਨੇਤਾ ਨੇ ਇਸ ਗੁਪਤ ਬੈਠਕ ਦੇ ਬਾਰੇ ਜਨਤਕ ਤੌਰ 'ਤੇ ਮੂੰਹ ਨਹੀਂ ਖੋਲ੍ਹਿਆ। ਇਸ ਦੌਰਾਨ ਬਾਜਵਾ ਨੇ ਗਿਲਗਿਤ ਨੂੰ ਸੂਬਾ ਬਣਾਏ ਜਾਣ ਬਾਰੇ ਚਰਚਾ ਕੀਤੀ, ਪਰ ਉਸੇ ਦੌਰਾਨ ਉਨ੍ਹਾਂ ਦੀ ਬਿਲਾਵਲ ਭੁੱਟੋ ਤੇ ਸ਼ਾਹਬਾਜ਼ ਸ਼ਰੀਫ ਨਾਲ ਬਹਿਸ ਹੋ ਗਈ। ਜਨਰਲ ਬਾਜਵਾ ਅਤੇ ਬਿਲਾਵਲ ਭੁੱਟੋ ਕਾਫੀ ਦੇਰ ਆਪਸ ਵਿੱਚ ਖਹਿਬੜਦੇ ਰਹੇ। ਬਾਜਵਾ ਨੇ ਕਿਹਾ ਕਿ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਉੱਤੇ ਭਾਰਤ ਸਰਕਾਰ ਦੀ ਕਿਸੇ ਅਚਾਨਕ ਕਾਰਵਾਈ ਦਾ ਡਰ ਹੈ ਅਤੇ ਚੀਨ ਇਸ ਇਲਾਕੇ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰ ਰਿਹਾ ਹੈ। ਅਜਿਹੇ ਵਿੱਚ ਅਸੀਂ ਗਿਲਗਿਤ ਨੂੰ ਇੱਕ ਨਵਾਂ ਸੂਬਾ ਬਣਾਉਣਾ ਚਾਹੁੰਦੇ ਹਾਂ।

## ਕੰਪਿਊਟਰਾਂ ਦੇ ਜੰਤਰ ਦੀ ਗ਼ੈਰ-ਕਾਨੂੰਨੀ ਐਕਪੋਰਟ ਕਾਰਨ ਪਾਕਿ-ਅਮਰੀਕੀ ਗ੍ਰਿਫ਼ਤਾਰ

ਵਾਸ਼ਿੰਗਟਨ, 24 ਸਤੰਬਰ (ਪੋਸਟ ਬਿਊਰੋ)- ਅਮਰੀਕਾ 'ਚ ਇੱਕ ਪਾਕਿਸਤਾਨੀ-ਅਮਰੀਕੀ ਨੂੰ ਸਰਕਾਰੀ ਮਨਜ਼ੂਰੀ ਦੇ ਬਿਨਾਂ ਇਸ ਦੇਸ਼ ਵਿੱਚੋਂ ਉਚ ਤਕਨੀਕ ਵਾਲੇ ਕੰਪਿਊਟਰ ਦੇ ਜੰਤਰ ਅਤੇ ਸਾਫ਼ਟਵੇਅਰ ਐਪਲੀਕੇਸ਼ਨ ਸੌਲੂਸ਼ਨ ਆਪਣੇ ਦੇਸ਼ ਪਾਕਿਸਤਾਨ ਐਟਮੀ ਊਰਜਾ ਕਮਿਸ਼ਨ ਨੂੰ ਐਕਸਪੋਰਟ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਫੈਡਰਲ ਵਕੀਲਾਂ ਦੇ ਮੁਤਾਬਕ ਪਾਕਿ-ਸਤਾਨ ਵਿਚਲੀ ਇੰਟਰਨੈਸ਼ਨਲ (ਬੀ ਐਸ ਆਈ) ਪ੍ਰਾਈਵੇਟ ਲਿਮੀਟਿਡ ਅਤੇ ਸ਼ਿਕਾਗੋ ਵਿਚ ਬੀ ਐਸ ਆਈ ਯੂ ਐਸ ਏ ਦੇ ਮਾਲਕ ਅਬਦੁੱਲਾ ਸੈਯਦ (65) ਨੂੰ ਇਸ 16 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਜੁਰਮ ਦੇ ਦੋਸ਼ੀ ਪਾਏ ਜਾਣ 'ਤੇ ਉਸ ਨੂੰ 20 ਸਾਲ ਦੀ ਸਜ਼ਾ ਹੋ ਸਕਦੀ ਹੈ। ਉਹ ਹਾਲੇ ਫੈਡਰਲ ਹਿਰਾਸਤ ਵਿੱਚ ਹੈ। ਵਕੀਲਾਂ ਨੇ ਦੱਸਿਆ ਕਿ ਸੈਯਦ ਦੀਆਂ ਦੋਵਾਂ ਕੰਪਨੀਆਂ ਨੇ ਉਚ ਤਕਨੀਕ ਵਾਲੇ ਕੰਪਿਊਟਰ ਜੰਤਰ, ਸਰਵਰ ਅਤੇ ਸਾਫ਼ਟਵੇਅਰ ਐਪਲੀਕੇਸ਼ਨ ਸੌਲੂਸ਼ਨ ਐਕਸਪੋਰਟ ਕੀਤੇ ਸਨ। ਸ਼ਿਕਾਗੋ ਵਿੱਚ ਜ਼ਿਲਾ ਅਦਾਲਤ ਵਿੱਚ ਚੱਲਦੇ ਮਕੱਦਮੇ ਦੇ ਮੁਤਾਬਕ ਸਾਲ 2006 ਤੋਂ 2015 ਤੱਕ ਸੈਯਦ ਅਤੇ ਬੀ ਐਸ ਆਈ ਨੇ ਪਾਕਿਸਤਾਨ ਵਿੱਚ ਕੰਪਨੀ ਦੇ ਕਰਮਚਾਰੀਆਂ ਨਾਲ ਮਿਲ ਕੇ ਅਮਰੀਕੀ ਵਪਾਰ ਵਿਭਾਗ ਤੋਂ ਅਥਾਰਟੀ ਪ੍ਰਾਪਤ ਕੀਤੇ ਬਿਨਾਂ ਅਮਰੀਕੀ ਤੋਂ ਪਾਕਿਸਤਾਨ ਐਟਮੀ ਊਰਜਾ ਕਮਿਸ਼ਨ (ਪੀ ਏ ਈ ਸੀ) ਨੂੰ ਕੰਪਿਊਟਰ ਜੰਤਰ ਐਕਪੋਰਟ ਕਰ ਕੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਕ ਊਰਜਾ ਐਕਟ ਦੀ ਉਲੰਘਣਾ ਕੀਤੀ ਸੀ। ਪਾਕਿਸਤਾਨ ਐਟਮੀ ਊਰਜਾ ਕਮਿਸ਼ਨ ਇੱਕ ਸਰਕਾਰੀ ਏਜੰਸੀ ਹੈ, ਜੋ ਉਚ ਵਿਸਫੋਟਕ ਅਤੇ ਐਟਮੀ ਹਥਿਆਰ ਦੇ ਹਿੱਸਿਆ, ਯੂਰੇਨੀਅਮ ਖੋਦਾਈ ਤੇ ਵਿਕਾਸ ਅਤੇ ਠੋਸ ਬਾਲਣ ਵਾਲੀ ਬੈਲਿਸਟਿਕ ਮਿਜ਼ਾਈਲਾਂ ਦਾ ਦੇ ਬਣਾਉਣ ਦਾ ਕੰਮ ਅਤੇ ਪਰੀਖਣ ਕਰਦੀ ਹੈ।

**ਇਮਰਾਨ ਵੱਲੋਂ ਫਾਸਟ ਬਾਲਿੰਗ :**

# ਵਿਰੋਧੀ ਧਿਰ ਦੇ ਆਗੂ ਫਜ਼ਲੁਰ ਰਹਿਮਾਨ ਦੇ ਖਿਲਾਫ ਜਾਂਚ ਸ਼ੁਰੂ

ਇਸਲਾਮਾਬਾਦ, 24 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਨਾਅਰਾ ਬੁਲੰਦ ਕਰਨ ਅਤੇ ਫੌਜ ਨੂੰ ਖਰੀਆਂ-ਖਰੀਆਂ ਸੁਣਾਉਣ ਵਾਲੇ ਵਿਰੋਧੀ ਧਿਰ ਦੇ ਆਗੂਆਂ 'ਤੇ ਕਾਨੂੰਨੀ ਸ਼ਿਕੰਜਾ ਕੱਸਣਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਭ੍ਰਿਸ਼ਟਾਚਾਰ ਰੋਕੂ ਅਦਾਰੇ ਨੇ ਜਮੀਅਤ ਓਲੇਮਾ-ਏ-ਇਸਲਾਮ ਦੇ ਪ੍ਰਮੁੱਖ ਫਜ਼ਲੁਰ ਰਹਿਮਾਨ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਨੋਟਿਸ ਜਾਰੀ ਕਰ ਕੇ ਹਾਜ਼ਰ ਹੋਣ ਲਈ ਕਿਹਾ ਹੈ।



ਡਾਨ ਅਖਬਾਰ ਮੁਤਾਬਕ ਕੌਮੀ ਜਵਾਬਦੇਹੀ ਬਿਊਰੋ (ਐਨ ਏ ਬੀ) ਨੇ ਭ੍ਰਿਸ਼ਟਾਚਾਰ ਅਤੇ ਆਮਦਨੀ ਦੇ ਮੌਜੂਦਾ ਸਰੋਤ ਤੋਂ ਵੱਧ ਜਾਇਦਾਦ ਜਮਾਂ ਕਰਨ ਦੇ ਦੋਸ਼ 'ਚ ਰਹਿਮਾਨ ਨੂੰ ਨੋਟਿਸ ਜਾਰੀ ਕੀਤਾ ਅਤੇ ਜਾਂਚ 'ਚ ਸ਼ਾਮਲ ਹੋਣ ਅਤੇ ਆਪਣਾ ਬਿਆਨ ਦਰਜ ਕਰਵਾਉਣ ਲਈ ਪਹਿਲੀ ਅਕਤੂਬਰ ਨੂੰ ਸੱਦਿਆ ਗਿਆ ਹੈ। ਇਹ ਨੋਟਿਸ ਓਦੋਂ ਦਿੱਤਾ ਗਿਆ ਹੈ, ਜਦੋਂ ਪ੍ਰਮੁੱਖ ਵਿਰੋਧੀ ਪਾਰਟੀਆਂ ਨੇ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਦੇ ਨਾਂਅ ਨਾਲ ਇੱਕ ਨਵਾਂ ਗਠਜੋੜ ਬਣਾਇਆ ਹੈ, ਜਿਹੜਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਸਤੀਫਾ ਦੇਣ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੇ ਉਨ੍ਹਾਂ ਦੇ ਸਿਖਰਲੇ ਸਹਿਯੋਗੀ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਅਸੀਮ ਸਲੀਮ ਬਾਜਵਾ ਨੂੰ ਹਟਾਉਣ ਦੀ ਮੰਗ ਕਰ ਰਿਹਾ ਹੈ।

# ਤੁਰਕੀ ਦੇ ਰਾਸ਼ਟਰਪਤੀ ਆਰਦੋਗਾਨ ਨੇ ਯੂ ਐਨ ਵਿੱਚ ਕਸ਼ਮੀਰ ਦਾ ਮੁੱਦਾ ਫਿਰ ਉਠਾਇਆ

*** ਭਾਰਤ ਨੇ ਇਤਰਾਜ਼ ਕੀਤਾ, ਪਾਕਿਸਤਾਨ ਨੇ ਸ਼ਲਾਘਾ ਕੀਤੀ**

ਨਿਊਯਾਰਕ, 24 ਸਤੰਬਰ (ਪੋਸਟ ਬਿਊਰੋ)- ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯੱਪ ਏਰਦੋਗਾਨ ਨੇ ਕਸ਼ਮੀਰ ਦਾ ਮੁੱਦਾ ਇੱਕ ਵਾਰ ਫਿਰ ਯੂ ਐਨ ਵਿੱਚ ਉਠਾਇਆ ਹੈ। ਭਾਰਤ ਨੂੰ ਇਸ ਤਰ੍ਹਾਂ ਕੀਤੇ ਜਾਣ ਉੱਤੇ ਇਤਰਾਜ਼ ਹੈ, ਪਰ ਪਾਕਿਸਤਾਨ ਸਰਕਾਰ ਨੇ ਤੁਰਕੀ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਟਵੀਟ ਕੀਤਾ ਹੈ ਕਿ ਅਸੀਂ ਯੂ ਐੱਨ ਜਨਰਲ ਅਸੈਂਬਲੀ ਵਿੱਚ ਕਸ਼ਮੀਰੀ ਲੋਕਾਂ ਦੇ ਅਧਿਕਾਰਾਂ ਦੀ ਹਮਾਇਤ 'ਚ ਇੱਕ ਵਾਰ ਫਿਰ ਆਵਾਜ਼ ਉਠਾਉਣ ਲਈ ਰਾਸ਼ਟਰਪਤੀ ਏਰਦੋਗਾਨ ਨੂੰ ਸ਼ਲਾਘਾ ਕਰਦੇ ਹਾਂ। ਕਸ਼ਮੀਰੀ ਲੋਕਾਂ ਦੇ ਜਾਇਜ਼ ਸੰਘਰਸ਼ ਨੂੰ ਤੁਰਕੀ ਦੀ ਹਮਾਇਤ ਨਾਲ ਹੌਂਸਲਾ ਮਿਲਦਾ ਹੈ। ਹਾਲੇ ਇੱਕ ਦਿਨ ਪਹਿਲਾਂ ਪਾਕਿ-ਸਤਾਨ ਦੇ ਵਿਦੇਸ਼ ਮੰਤਰੀ ਮਹਿਮੂਦ ਕੁਰੈਸ਼ੀ ਨੇ ਯੂ ਐੱਨ ਓ ਦੀ 75ਵੀਂ ਵਰ੍ਹੇਗੰਢ 'ਤੇ ਆਪਣੇ ਭਾਸ਼ਣ 'ਚ ਕਸ਼ਮੀਰ ਦਾ ਮੁੱਦਾ ਉਠਾਇਆ ਸੀ ਅਤੇ ਭਾਰਤ ਨੂੰ ਇਸ ਉੱਤੇ ਇਤਰਾਜ਼ ਸੀ।



ਯੂ ਐੱਨ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਦੇ ਹੋਏ ਏਰਦੋਗਾਨ ਨੇ ਕਿਹਾ ਕਿ ਕਸ਼ਮੀਰ ਸੰਘਰਸ਼ ਦੱਖਣੀ ਏਸ਼ੀਆ 'ਚ ਸ਼ਾਂਤੀ ਅਤੇ ਸਥਿਰਤਾ ਦੇ ਪੱਖੋਂ ਬਹੁਤ ਅਹਿਮ ਹੈ। ਇਹ ਇੱਕ ਭਖਦਾ ਮਸਲਾ ਹੈ। ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਤੋਂ ਬਾਅਦ ਸਥਿਤੀ ਹੋਰ ਮੁਸ਼ਕਲ ਹੋ ਗਈ ਹੈ। ਏਰਦੋਗਾਨ ਦੇ ਇਸ ਰੁਖ ਉਤੇ ਯੂ ਐੱਨ ਵਿੱਚ ਭਾਰਤ ਦੇ ਪ੍ਰਤੀਨਿਧ ਟੀ ਐਸ ਤ੍ਰਿਮੂਰਤੀ ਨੇ ਕਿਹਾ ਕਿ ਭਾਰਤ ਦੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ 'ਤੇ ਅਸੀਂ ਰਾਸ਼ਟਰਪਤੀ ਏਰਦੋਗਾਨ ਦੀ ਟਿੱਪਣੀ ਦੇਖੀ ਹੈ। ਇਹ ਭਾਰਤ ਦੇ ਅੰਦਰੂਨੀ ਮਾਮਲੇ 'ਚ ਦਖਲ ਹੈ ਅਤੇ ਇਹ ਭਾਰਤ ਲਈ ਪੂਰੀ ਤਰ੍ਹਾਂ ਨਾ ਮੰਨਣ ਯੋਗ ਹੈ। ਤੁਰਕੀ ਨੂੰ ਦੂਸਰੇ ਦੇਸ਼ ਦੀ ਪ੍ਰਭਸੱਤਾ ਦਾ ਸਨਮਾਨ ਕਰਨਾ ਸਿੱਖਣਾ ਚਾਹੀਦਾ ਹੈ। ਏਰਦੋਗਾਨ ਨੇ ਕੱਲ੍ਹ ਯੂ ਐੱਨ ਜਨਰਲ ਅਸੈਂਬਲੀ ਵਿੱਚ ਕਿਹਾ ਸੀ ਕਿ ਅਸੀਂ ਕਸ਼ਮੀਰ ਮੁੱਦੇ ਦਾ ਹੱਲ ਸੰਵਾਦ, ਯੂ ਐਨ ਦੇ ਪ੍ਰਸਤਾਵ ਅਤੇ ਕਸ਼ਮੀਰ ਦੇ ਲੋਕਾਂ ਦੀਆਂ ਆਸਾਂ ਦੇ ਹਿਸਾਬ ਨਾਲ ਕਰਨ ਦੇ ਪੱਖ 'ਚ ਹਾਂ।

## ਪੰਜਾ ਸਾਹਿਬ ਦੇ ਗ੍ਰੰਥੀ ਦੀ ਬੇਟੀ ਘਰ ਪਰਤੀ

ਵਾਸ਼ਿੰਗਟਨ, 24 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਅਗਵਾ ਹੋਈ ਸਿੱਖ ਲੜਕੀ ਨੂੰ ਬਰਾਮਦ ਕਰ ਕੇ ਦਾਰੂਲ ਅਮਨ ਵਿਖੇ ਮਾਪਿਆਂ ਕੋਲ ਪਹੁੰਚਾ ਦਿਤਾ ਗਿਆ ਹੈ। ਉਸ ਨੇ ਮੈਜਿਸਟਰੇਟ ਕੋਲ ਕਿਹਾ ਕਿ ਉਹ ਆਪਣੇ ਮਾਪਿਆਂ ਕੋਲ ਜਾਣਾ ਚਾਹੁੰਦੀ ਹੈ। ਲੜਕੀ ਨੂੰ ਉਸ ਦੇ ਪਿਤਾ ਦੇ ਹਵਾਲੇ ਕਰ ਦਿੱਤਾ ਗਿਆ।

ਅਮਰੀਕਾ ਦੀ ਇੱਕ ਸਿੱਖ ਜਥੇਬੰਦੀ ਨੇ ਪ੍ਰੈਸ ਬਿਆਨ ਜਾਰੀ ਕਰ ਕੇ ਕਿਹਾ ਕਿ ਸਾਡੇ ਬਿਊਰੋ ਚੀਫ ਡਾ. ਗਿੱਲ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹਸਨ ਅਬਦਾਲ ਤੋਂ ਸਿੱਖ ਪ੍ਰਵਾਰ ਨਾਲ ਸਬੰਧਤ ਬੁਲਬੁਲ ਕੌਰ ਆਪਣੇ ਘਰੋਂ ਲਾਪਤਾ ਹੋ ਗਈ ਸੀ। ਸਥਾਨਕ ਪੁਲਸ ਨੇ ਉਸ ਦੇ ਵਿਰੁੱਧ ਨਿਯਮਾਂ ਅਨੁਸਾਰ ਕੇਸ ਦਰਜ ਕੀਤਾ ਸੀ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਹ ਆਪਣੀ ਮਰਜ਼ੀ ਨਾਲ ਗਈ ਸੀ ਅਤੇ ਅਦਾਲਤ ਨੇ ਉਸ ਨੂੰ ਅੱਗੇ ਕਾਨੂੰਨੀ ਕਾਰਵਾਈ ਲਈ ਦਾਰੂਲ ਅਮਨ ਭੇਜ ਦਿੱਤਾ। ਬਾਅਦ ਵਿੱਚ ਮਾਪਿਆਂ ਦੇ ਕਹਿਣ 'ਤੇ ਅਦਾਲਤ ਨੇ ਉਨ੍ਹਾਂ ਨੂੰ ਦਰੂਲ ਅਮਨ ਵਿੱਚ ਲੜਕੀ ਨੂੰ ਮਿਲਣ ਦੀ ਆਗਿਆ ਦਿੱਤੀ ਅਤੇ ਲੜਕੀ ਨੇ ਮੁਲਾਕਾਤ ਤੋਂ ਬਾਅਦ ਆਪਣੇ ਮਾਪਿਆਂ ਨਾਲ ਜਾਣ ਦੀ ਇੱਛਾ ਜ਼ਾਹਰ ਕੀਤੀ। ਇਸ 'ਤੇ ਅਦਾਲਤ ਦੇ ਹੁਕਮ ਨਾਲ ਉਸ ਨੂੰ ਆਪਣੇ ਮਾਪਿਆਂ ਨਾਲ ਭੇਜ ਦਿੱਤਾ ਗਿਆ। ਇਸ ਦੌਰਾਨ ਡੀ ਪੀ ਓ ਅਟਕ ਨੇ ਸਈਅਦ ਖ਼ਾਲਿਦ ਹਮਦਾਨੀ ਸਿੱਖਾਂ ਤੇ ਲੜਕੀ ਦੇ ਮਾਪਿਆਂ ਨਾਲ ਸੰਪਰਕ ਰਖਿਆ ਅਤੇ ਉਨ੍ਹਾਂ ਨੂੰ ਪੂਰੀ ਕਾਨੂੰਨੀ ਸਹਾਇਤਾ ਅਤੇ ਸੁਰੱਖਿਆ ਪ੍ਰਦਾਨ ਕੀਤੀ। ਸਿੱਖਾਂ ਨੇ ਅਟਕ ਪੁਲਸ ਦਾ ਪੂਰਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

# ਗਲੋਬਲ ਮਨੀ ਲਾਂਡਰਿੰਗ ਸੂਚੀ ਵਿੱਚ ਪਾਕਿਸਤਾਨੀ ਬੈਂਕਾਂ ਦੇ ਨਾਂਅ ਵੀ ਆਏ

*** 1999 ਤੋਂ 2017 ਤੱਕ ਦੋ ਲੱਖ ਡਾਲਰ ਤੋਂ ਵੱਧ ਦਾ ਕਾਰੋਬਾਰ ਹੋ ਗਿਆ**

ਇਸਲਾਮਾਬਾਦ, 24 ਸਤੰਬਰ (ਪੋਸਟ ਬਿਊਰੋ)- ਮਨੀ ਲਾਂਡਰਿੰਗ ਵਿੱਚ ਸੰਸਾਰਕ ਬੈਂਕਾਂ ਦੀ ਭੂਮਿਕਾ ਦੇ ਆਧਾਰ 'ਤੇ ਘੱਟੋ ਘੱਟ ਛੇ ਪਾਕਿਸਤਾਨੀ ਬੈਂਕਾਂ ਦਾ ਨਾਂਅ ਜਾਂਚ ਵਿੱਚ ਆਇਆ ਹੈ, ਜੋ ਘੱਟੋ ਘੱਟ 25 ਲੱਖ ਡਾਲਰ ਤੱਕ ਦਾ ਹੈ।

'ਇੰਟਰਨੈਸ਼ਨਲ ਕੰਸਟੋਰੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ' (ਆਈ ਸੀ ਆਈ ਜੇ) ਅਤੇ ਬਜ਼ਫੀਡ ਨਿਊਜ਼ ਨੂੰ ਇੱਕ ਜਾਂਚ ਵਿੱਚ ਪਤਾ ਲੱਗਾ ਕਿ ਪਾਕਿਸਤਾਨੀ ਬੈਂਕਾਂ ਨਾਲ ਸੰਬੰਧਤ ਲਗਭਗ 25 ਲੱਖ ਡਾਲਰ ਦੀ ਰਕਮ ਦਾ ਘੱਟੋ ਘੱਟ 29 ਵਾਰ ਸ਼ੱਕੀ ਲੈਣ-ਦੇਣ ਹੋਇਆ, ਜਿਸ ਦੀ ਵਰਤੋਂ ਮਨੀ ਲਾਂਡਰਿੰਗ ਲਈ ਕੀਤਾ ਗਈ ਹੋ ਸਕਦੀ ਹੈ। ਇਹ ਛੇ ਬੈਂਕ ਅਲਾਈਡ ਬੈਂਕ, ਯੂਨਾਈਟਿਡ ਬੈਂਕ ਲਿਮਟਿਡ (ਯੂ ਬ ਐਲ), ਹਬੀਬ ਮੈਟਰੋਪਾਲੀਟਨ ਬੈਂਕ, ਬੈਂਕ ਅਲਫਲਾਹ, ਸਟੈਂਡਰਡ ਚਾਰਟਰਡ ਬੈਂਕ ਪਾਕਿਸਤਾਨ ਅਤੇ ਹਬੀਬ ਬੈਂਕ ਲਿਮਟਿਡ ਹਨ। ਪੱਤਰਕਾਰਾਂ ਦੀਜਾਂਚ ਅਨੁਸਾਰ ਸਾਲ 2011 ਅਤੇ 2012 ਦੌਰਾਨ ਸਾਰੇ 29 ਸ਼ੱਕੀ ਲੈਣ-ਦੇਣ ਹੋਏ ਸਨ। ਜਾਂਚ ਤੋਂ ਪਤਾ ਲੱਗਾ ਹੈ ਕਿ ਅਮਰੀਕੀ ਟ੍ਰੇਜ਼ਰੀ ਡਿਪਾਰਟਮੈਂਟ ਦੀ ਇੰਟੈਲੀਜੈਂਸ ਯੂਨਿਟ, ਫਾਇਨੈਂਸ਼ਲ ਕਰਾਈਮ ਇਨਫੋਰਸਮੈਂਟ ਨੈਟਵਰਕ ਨੇ ਸਭ 2,100 ਤੋਂ ਵੱਧ ਸ਼ੱਕੀ



ਸਰਗਰਮੀ ਦੀ ਰਿਪੋਰਟ ਦਰਜ ਕੀਤੀ ਹੈ। ਸੰਸਾਰਕ ਬੈਂਕਾਂ ਨੇ ਸ਼ੱਕੀ ਭੁਗਤਾਨਾਂ ਵਿੱਚ 1999 ਅਤੇ 2017 ਦੌਰਾਨ ਦੋ ਖਰਬ ਡਾਲਰ ਤੋਂ ਵੱਧ ਦਾ ਕਾਰੋਬਾਰ ਕੀਤਾ ਹੈ। ਇਹ ਮਾਮਲਾ ਉਸ ਸਮੇਂ ਪਤਾ ਲੱਗਾ ਹੈ, ਜਦ ਪਾਕਿਸਤਾਨ ਅੱਤਵਾਦੀਆਂ ਨੂੰ ਫੰਡਿੰਗ ਤੇ ਮਨੀ ਲਾਂਡਰਿੰਗ ਬਾਰੇ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ 27 ਨੁਕਾਤੀ ਕਾਰਜ ਯੋਜਨਾ ਨੂੰ ਪੂਰਾ ਕਰਨ ਲਈ ਸਖਤ ਮਿਹਨਤ ਕਰ ਰਿਹਾ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਬੰਗਲਾ ਦੇਸ਼ ਦੇ ਤਿੰਨ ਬੈਂਕਾਂ ਵੀ ਨਾਜਾਇਜ਼ ਧਨ ਦੇ ਲੈਣ-ਦੇਣ ਵਿੱਚ ਸੰਸਾਰਕ ਨੈਟਵਰਕ ਨਾਲ ਜੁੜੇ ਹੋਏ ਹਨ। ਇਨ੍ਹਾਂ ਤਿੰਨ ਬੈਂਕਾਂ ਵਿੱਚੋਂ ਦੋ ਇਸਲਾਮਕ ਬੈਂਕ ਤੋਂ ਚਾਰ ਵਾਰ ਹੋਏ ਟਰਾਂਜੈਕਸ਼ਨ ਨਾਲ 3,37,733 ਡਾਲਰ ਆਏ ਸਨ। ਇਹ ਪੈਸੇ ਆਸਟਰੇਲੀਅਨ ਅਤੇ ਇੱਕ ਲਾਟਵੀਅਨ ਬੈਂਕ ਤੋਂ ਆਏ ਸਨ, ਉਥੇ ਸਰਕਾਰ ਦੀ ਮਾਲਕੀ ਵਾਲੇ ਤੀਸਰੇ ਬੈਂਕ ਤੋਂ ਚਾਰ ਟ੍ਰਾਂਜਕੈਸਨ ਦੇ ਰਾਹੀਂ 4,95,204 ਡਾਲਰ ਭੇਜੇ ਗਏ। ਇਹ ਸਾਰੇ ਲੈਣ-ਦੇਣ ਸਤੰਬਰ 2016 ਵਿੱਚ ਇੱਕ ਜਰਮਨ ਬੈਂਕ ਦੇ ਨਾਲ ਹੋਏ ਸਨ।

# ਬ੍ਰਿਟੇਨ ਵਿੱਚ ਸਿੱਖ ਡਰਾਈਵਰ 'ਤੇ ਨਸਲੀ ਹਮਲਾ, ਪੱਗ ਲਾਹੁਣ ਦੀ ਕੋਸ਼ਿਸ਼

ਲੰਡਨ, 24 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਜਨਮੇ ਇੱਕ ਸਿੱਖ ਟੈਕਸੀ ਡਰਾਈਵਰ ਨਾਲ ਕੁਝ ਯਾਤਰੀਆਂ ਨੇ ਦੁਰਵਿਹਾਰ ਕੀਤਾ, ਇਤਰਾਜ਼ ਯੋਗ ਸ਼ਬਦ ਕਹੇ ਅਤੇ ਮਾਰਕੁੱਟ ਕੀਤੀ, ਜਿਸ ਤੋਂ ਬਾਅਦ ਬ੍ਰਿਟੇਨ ਦੀ ਪੁਲਸ ਨੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਕਸੀ ਡਰਾਈਵਰ ਯਾਤਰੀਆਂ ਨੂੰ ਦੱਖਣੀ ਪੂਰਬੀ ਇੰਗਲੈਂਡ ਦੇ ਰੈਡਿੰਗ ਸ਼ਹਿਰ ਦੇ ਇੱਕ ਕਸੀਨੋ ਤੋਂ ਲੰਡਨ ਲੈ ਕੇ ਆਇਆ ਸੀ, ਜਦੋਂ ਇਹ ਘਟਨਾ ਵਾਪਰੀ।



ਵਨੀਤ ਸਿੰਘ (41) ਨੇ ਕਿਹਾ ਕਿ ਚਾਰ ਲੋਕਾਂ ਦੇ ਇੱਕ ਗਰੁਪ ਨੇ ਉਸ ਦੀ ਦਾੜ੍ਹੀ ਖਿੱਚੀ ਅਤੇ ਉਸ ਨੂੰ ਥੱਪੜ ਵੀ ਮਾਰੇ। ਸਿੱਖ ਟੈਕਸੀ ਡਰਾਈਵਰ ਨੇ ਕਿਹਾ ਕਿ ਹਮਲਾਵਰਾਂ ਨੇ ਉਸ ਤੋਂ ਪੁੱਛਿਆ ਕਿ ਕੀ ਤੁਸੀਂ ਤਾਲਿਬਾਨੀ ਹੋ। ਉਨ੍ਹਾਂ ਵਿੱਚੋਂ ਇਕ ਜਣੇ ਨੇ ਸਿੱਖ ਦੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ। ਵਨੀਤ ਸਿੰਘ ਨੇ ਬੀ ਬੀ ਸੀ ਨੂੰ ਦੱਸਿਆ, 'ਇਹ ਭਿਆਨਕ ਸੀ। ਮੈਂ ਅੱਗੇ ਤੋਂ ਕਦੇ ਵੀ ਰਾਤ ਨੂੰ ਕੰਮ ਨਹੀਂ ਕਰਾਂਗਾ। ਮੈਂ ਹਾਲੇ ਤੱਕ ਡਰਿਆ ਹੋਇਆ ਹਾਂ।' ਵਨੀਤ ਸਿੰਘ ਜਦ ਗੱਡੀ ਚਲਾ ਰਹੇ ਸੀ ਤਾਂ ਚਾਰਾਂ ਵਿੱਚੋਂ ਇੱਕ ਯਾਤਰੀ ਨੇ ਉਨ੍ਹਾਂ ਦੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਅਤੇ ਸਿਰ 'ਤੇ ਥੱਪੜ ਵੀ ਮਾਰੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੱਗ ਦੀ ਧਾਰਮਿਕ ਮਹੱਤਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਯਾਤਰੀ ਨਹੀਂ ਮੰਨੇ।

ਥੇਮਸ ਵੈਲੀ ਦੀ ਪੁਲਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਤੇ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਦੀ ਅਪੀਲ ਕਰ ਰਹੀ ਹੈ। ਵਨੀਤ ਸਿੰਘ ਬਕਸ਼ਾਇਰ ਦੇ ਸਲੋ ਵਿੱਚ ਇੱਕ ਸਕੂਲ ਵਿੱਚ ਸੰਗੀਤ ਦੇ ਅਧਿਆਪਕ ਸਨ ਪ੍ਰੰਤੂ ਕੋਰੋਨਾ ਵਾਇਰਸ ਕਾਰਨ ਨੌਕਰੀ ਖੁੱਸਣ ਪਿੱਛੋਂ ਉਨ੍ਹਾਂ ਨੇ ਟੈਕਸੀ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਪੀੜਤ ਸਿੱਖ ਟੈਕਸੀ ਡਰਾਈਵਰ ਆਪਣੀ ਪਤਨੀ ਤੇ ਤਿੰਨ ਬੱਚਿਆਂ ਨਾਲ ਟਾਇਲਹਸਰਟ ਵਿੱਚ ਰਹਿੰਦਾ ਹੈ। ਉਨ੍ਹਾਂ ਕਿਹਾ, 'ਇਹ ਬਹੁਤ ਬੁਰਾ ਅਨੁਭਵ ਸੀ। ਇਹ ਮੇਰਾ ਧਰਮ ਹੈ, ਇਸ ਲਈ ਮੈਂ ਆਪਣੀ ਪੱਗ ਦੀ ਹਮੇਸ਼ਾਂ ਇੱਜ਼ਤ ਕਰਦਾ ਹਾਂ।'

# ਸਿਰ ਵਿੱਚ ਚਾਕੂ ਨਾਲ ਵਾਰ ਕੀਤੇ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ




ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਕੱਲ੍ਹ ਸਿਰ ਵਿੱਚ ਤੇਜ਼ ਧਾਰ ਹਥਿਆਰ ਨਾਲ ਵਾਰ ਕਰਨ ਕਰਕੇ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਵਾਅਨ ਰੋਡ ਤੇ ਨੌਰਥਕਲਿੱਫ ਬੋਲੀਵੀਆਰਡ ਵਿਖੇ ਰਿਹਾਇਸ਼ੀ ਇਲਾਕੇ ਕੋਲ ਦੁਪਹਿਰੇ 1:00 ਵਜੇ ਦੇ ਨੇੜੇ ਤੇੜੇ ਪੁਲਿਸ ਅਧਿਕਾਰੀਆਂ ਨੂੰ ਛੁਰੇਬਾਜ਼ੀ ਦੀ ਘਟਨਾ ਵਾਪਰਨ ਦੀਆਂ ਰਿਪੋਰਟਾਂ ਮਿਲੀਆਂ। ਪੁਲਿਸ ਤੇਜ਼ੀ ਨਾਲ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਇਸ ਸਮੇਂ ਅਜਿਹੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਜਿਸਨੂੰ ਆਖਰੀ ਵਾਰੀ ਵਾਅਨ ਦੇ ਪੂਰਬ ਵੱਲ ਜਾਂਦਿਆਂ ਵੇਖਿਆ ਗਿਆ। ਉਸ ਦੀ ਉਮਰ 45 ਤੋਂ 50 ਸਾਲ ਦਰਮਿਆਨ ਦੱਸੀ ਜਾਂਦੀ ਹੈ। ਉਸ ਦੇ ਵਾਲ ਨਿੱਕੇ ਤੇ ਮੂੰਹ ਉੱਤੇ ਦਾੜ੍ਹੀ ਹੈ। ਉਸ ਨੂੰ ਆਖਰੀ ਵਾਰੀ ਚਿੱਟੇ ਰੰਗ ਦੀ ਸ਼ਰਟ ਤੇ ਜੀਨਜ਼ ਪਾਈ ਵੇਖਿਆ ਗਿਆ।

# ਟੋਰਾਂਟੋ ਅਤੇ ਵੈਨਕੂਵਰ ਵਿੱਚ ਅਗਸਤ ਮਹੀਨੇ ਘਰਾਂ ਦੀਆਂ ਕੀਮਤਾਂ ਵਿੱਚ ਆਇਆ ਉਛਾਲ

ਟੋਰਾਂਟੋ, 24 ਸਤੰਬਰ (ਪੋਸਟ ਬਿਊਰੋ): ਟੋਰਾਂਟੋ ਇਲਾਕੇ ਵਿੱਚ ਘਰਾਂ ਦੀ ਮੰਗ ਵਿੱਚ ਆਈ ਉਛਾਲ ਕਾਰਨ ਅਗਸਤ ਮਹੀਨੇ ਘਰਾਂ ਦੀ ਵਿੱਕਰੀ ਤੇ ਕੀਮਤਾਂ ਵਿੱਚ ਰਿਕਾਰਡਤੋੜ ਵਾਧਾ ਦਰਜ ਕੀਤਾ ਗਿਆ। ਇਸ ਤੋਂ ਮਹਿਸੂਸ ਹੋ ਰਿਹਾ ਹੈ ਕਿ ਕੋਵਿਡ-19 ਮਹਾਂਮਾਰੀ ਤੋਂ ਹਾਊਸਿੰਗ ਮਾਰਕਿਟ ਨਿਕਲਣ ਦੀ ਕਾਮਯਾਬ ਕੋਸਿਸ ਕਰ ਰਹੀ ਹੈ।

ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਗਸਤ ਵਿੱਚ ਐਮ ਐਲ ਐਸ ਸਿਸਟਮ ਦੇ ਅੰਕੜਿਆਂ ਮੁਤਾ-ਬਕ 10,775 ਘਰਾਂ ਦੀ ਵਿੱਕਰੀ ਹੋਈ, ਜੋ ਕਿ ਇੱਕ ਸਾਲ ਪਹਿਲਾਂ ਵਿਕੇ 7,682 ਘਰਾਂ ਨਾਲੋਂ 40 ਫੀ ਸਦੀ ਵੱਧ ਹੈ। ਡਿਟੈਚਡ ਘਰਾਂ ਦੀ ਵਿੱਕਰੀ ਵਿੱਚ 50.6 ਫੀ ਸਦੀ ਤੇ ਸੈਮੀ ਡਿਟੈਚਡ ਘਰਾਂ ਦੀ ਵਿੱਕਰੀ ਵਿੱਚ 66.8 ਫੀ ਸਦੀ ਵਾਧਾ ਦਰਜ ਕੀਤਾ ਗਿਆ। ਇਸ ਦੌਰਾਨ ਕੌਂਡੋ ਦੀ ਸੇਲ ਮੱਠੀ ਰਹੀ, ਇਸ ਵਿੱਚ 10.9 ਫੀ ਸਦੀ ਵਾਧਾ ਹੀ ਦਰਜ ਕੀਤਾ ਗਿਆ।ਇਸ ਰੀਜਨ ਵਿੱਚ ਵਿਕੇ ਘਰਾਂ ਦੀ ਔਸਤ ਕੀਮਤ 951,404 ਡਾਲਰ




ਦਰਜ ਕੀਤੀ ਗਈ ਜੋ ਕਿ ਇੱਕ ਸਾਲ ਪਹਿਲਾਂ ਘਰਾਂ ਦੀ ਕੀਮਤ 792,134 ਡਾਲਰ ਦੇ ਮੁਕਾਬਲੇ 20 ਫੀ ਸਦੀ ਵੱਧ ਰਹੀ।

ਇਸ ਦੌਰਾਨ ਮੈਟਰੋ ਵੈਨਕੂਵਰ ਵਿੱਚ ਘਰਾਂ ਦੀ ਵਿੱਕਰੀ ਅਗਸਤ ਵਿੱਚ 3,047 ਤੱਕ ਪਹੁੰਚ ਗਈ। ਦ ਰੀਅਲ ਅਸਟੇਟ ਬੋਰਡ ਆਫ ਗ੍ਰੇਟਰ ਵੈਨਕੂਵਰ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਵਿਕੇ ਘਰਾਂ ਦੀ ਗਿਣਤੀ ਪਿਛਲੇ 10 ਸਾਲਾਂ ਵਿੱਚ ਅਗਸਤ ਮਹੀਨੇ ਵਿਕੇ ਔਸਤ ਘਰਾਂ ਦੀ ਗਿਣਤੀ (20 ਫੀ ਸਦੀ) ਤੋਂ ਵੱਧ ਰਹੀ। ਹਾਲਾਂਕਿ ਜੁਲਾਈ ਵਿੱਚ ਵਿਕੇ 3128 ਘਰਾਂ ਦੇ ਮੁਕਾਬਲੇ ਅਗਸਤ ਵਿੱਚ ਵਿਕੇ ਘਰਾਂ ਦੀ ਗਿਣਤੀ ਥੋੜ੍ਹੀ ਜਿਹੀ ਘੱਟ ਰਹੀ।ਘਰਾਂ ਦੀਆਂ ਕੀਮਤਾਂ ਇਸ ਸਾਲ ਅਗਸਤ ਵਿੱਚ ਸਾਲ 2019 ਵਿੱਚ ਇਸੇ ਅਰਸੇ ਦੇ ਮੁਕਾਬਲੇ 5.3 ਫੀ ਸਦੀ ਵੱਧ ਰਹੀਆਂ ਤੇ ਜੁਲਾਈ ਦੇ ਮੁਕਾਬਲੇ 0.7 ਫੀ ਸਦੀ ਵੱਧ ਰਹੀਆਂ। ਬੋਰਡ ਦੀ ਚੇਅਰ ਕੌਲੈਟ ਗਰਬਰ ਦਾ ਕਹਿਣਾ ਹੈ ਕਿ ਇਨ੍ਹਾਂ ਕੀਮਤਾਂ ਵਿੱਚ ਆਏ ਉਛਾਲ ਦਾ ਕਾਰਨ ਉਹ ਲੋਕ ਹਨ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਕਾਰਨ ਬਸੰਤ ਵਿੱਚ ਘਰ ਖਰੀਦਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਟਾਲ ਦਿੱਤਾ ਸੀ।

# ਭਾਰਤ ਤੇ ਨੇਪਾਲ ਵੱਲੋਂ ਐਜੂਕੇਸ਼ਨ ਸੈਕਟਰ ਦੀ ਮੁੜ ਉਸਾਰੀ ਲਈ ਵੈਬਸਾਈਟ ਲਾਂਚ

ਕਾਠਮਾਂਡੂ, 24 ਸਤੰਬਰ (ਪੋਸਟ ਬਿਊਰੋ)- ਨੇਪਾਲ ਵਿੱਚ ਭਾਰਤ ਦੇ ਰਾਜਦੂਤ ਵਿਨੈ ਐਮ ਕਵਾਤਰਾ ਅਤੇ ਨੇਪਾਲ ਦੇ ਨੈਸ਼ਨਲ ਰਿਕੰਸਟ੍ਰਕਸ਼ਨ ਅਥਾਰਿਟੀ ਦੇ ਮੁਖੀ (ਸੀ ਈ ਓ) ਸੁਸ਼ੀਲ ਗਆਵਲੀ ਨੇ ਭੁਚਾਲ ਦੇ ਬਾਅਦ ਐਜੂਕੇਸ਼ਨ ਸੈਕਟਰ ਪ੍ਰੋਜੈਕਟ ਦੀ ਮੁੜ ਉਸਾਰੀ ਲਈ ਵੈਬਸਾਈਟ ਲਾਂਚ ਕੀਤੀ। ਇਹ ਕੰਮ ਭਾਰਤ ਸਰਕਾਰ ਦੀ ਮਦਦ ਨਾਲ ਹੋਵੇਗਾ।

ਪਤਾ ਲੱਗਾ ਹੈ ਕਿ 2015 ਦੇ ਭੁਚਾਲ ਦੌਰਾਨ 10,000 ਲੋਕ ਮਾਰੇ ਗਏ ਅਤੇ ਹਜ਼ਾਰਾਂ ਜ਼ਖ਼ਮੀ ਹੋਏ ਸਨ ਅਤੇ ਪੰਜ ਲੱਖ ਤੋਂ ਵੱਧ ਲੋਕ ਉਜਾੜੇ ਦਾ ਸ਼ਿਕਾਰ ਹੋਏ ਸਨ। ਗੋਰਖਾ, ਸਿੰਧੂਪਾਲ ਚੌਕ ਤੇ ਦੋਲਖਾ ਇਸ ਦਾ ਕੇਂਦਰ ਸੀ। ਸੈਂਕੜੇ ਲੋਕ ਖੁਲ੍ਹੇ ਆਸਮਾਨ ਥੱਲੇ ਸੌਣ ਨੂੰ ਮਜ਼ਬੂਰ ਹੋਏ ਸਨ। ਭੁਚਾਲ ਦੇ ਬਾਅਦ ਭਾਰਤ ਨੇ ਨੇਪਾਲ ਦੀ ਮੁੜ ਉਸਾਰੀ ਦੇ ਲਈ ਇੱਕ ਮਿਲੀਅਨ ਡਾਲਰ ਗਰਾਂਟ ਦੇ ਤੌਰ ਉੱਤੇ ਅਤੇ ਲਾਈਨ ਆਫ ਕ੍ਰੈਡਿਟ ਦੇ ਰੂਪ ਵਿੱਚ ਦਿੱਤਾ ਸੀ। ਕਰੀਬ 150 ਮਿਲੀਅਨ ਡਾਲਰ ਓਥੋਂ ਦੇ ਘਰਾਂ ਦੀ ਮੁੜ ਉਸਾਰੀ ਵਿੱਚ, 100 ਮਿਲੀਅਨ ਡਾਲਰ ਗਰਾਂਟ ਵਜੋਂ ਅਤੇ 50 ਮਿਲੀਅਨ ਡਾਲਰ ਲਾਈਨ ਆਫ ਕ੍ਰੈਡਿਟ ਦੇ ਰੂਪ ਵਿੱਚ ਦਿੱਤੇ ਸੀ।

# ਦੋ ਵੱਡੀਆਂ ਕੰਪਨੀਆਂ ਨਾਲ ਕੈਨੇਡਾ ਨੇ ਕੋਰੋਨਾ ਵਾਇਰਸ ਸਬੰਧੀ ਵੈਕਸੀਨ ਲਈ ਕੀਤਾ ਕਰਾਰ

ਲੰਡਨ, 24 ਸਤੰਬਰ (ਪੋਸਟ ਬਿਊਰੋ) : ਫਾਰਮਾਸਿਊਟਿਕਲ ਕੰਪਨੀਆਂ ਗਲੈਕਸੋਸਮਿੱਥਲਾਈਨ (GlaxoSmithKline) ਤੇ ਸੈਨੋਫੀ ਨੇ ਆਪਣੀ ਕਥਿਤ ਤੌਰ ਉੱਤੇ ਪ੍ਰਭਾਵੀ ਕੋਵਿਡ-19 ਵੈਕਸੀਨ ਦੀਆਂ 72 ਮਿਲੀਅਨ ਡੋਜ਼ਿਜ਼ ਕੈਨੇਡਾ ਨੂੰ ਮੁਹੱਈਆ ਕਰਵਾਉਣ ਲਈ ਸਹਿਮਤੀ ਦੇ ਦਿੱਤੀ ਹੈ। ਸਰਕਾਰਾਂ ਅਜਿਹੀਆਂ ਵੈਕਸੀਨਜ਼ ਦੀਆਂ ਸਪਲਾਈਜ਼ ਖਰੀਦ ਰਹੀਆਂ ਹਨ ਜਿਹੜੀਆਂ ਅਜੇ ਕਾਰਗਰ ਸਿੱਧ ਵੀ ਨਹੀਂ ਹੋਈਆਂ।

ਅਜਿਹਾ ਇਸ ਆਸ ਨਾਲ ਕੀਤਾ ਜਾ ਰਿਹਾ ਹੈ ਕਿ ਜਿਹੜੀ ਵੈਕਸੀਨ ਕੰਮ ਕਰ ਗਈ ਉਸ ਦੀ ਕਿਤੇ ਥੁੜ੍ਹ ਨਾ ਹੋ ਜਾਵੇ। ਮੰਗਲਵਾਰ ਨੂੰ ਇਨ੍ਹਾਂ ਕੰਪਨੀਆਂ ਨੇ ਦੁਨੀਆ ਭਰ ਵਿੱਚ ਇਸ ਵੈਕਸੀਨ ਨੂੰ ਕਿਫਾਇਤੀ ਢੰਗ



ਨਾਲ ਉਪਲਬਧ ਕਰਵਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਜੀਐਸਕੇ ਦੀ ਵੈਕਸੀਨ ਯੂਨਿਟ ਦੇ ਪ੍ਰੈਜ਼ੀਡੈਂਟ ਰੋਜਰ ਕੌਨਰ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਦੋਵਾਂ ਕੰਪਨੀਆਂ ਕੋਲ ਪੂਰੀ ਦੁਨੀਆਂ ਵਿੱਚ ਆਰ ਐਂਡ ਡੀ (R&D) ਤੇ ਉਤਪਾਦਨ ਦੀ ਸਮਰੱਥਾ ਹੈ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਅਸੀਂ ਵੈਕਸੀਨ ਦਾ ਉਤਪਾਦਨ ਵਧਾਉਣ ਲਈ ਸਖਤ ਮਿਹਨਤ ਕਰ ਰਹੇ ਹਾਂ। ਕੈਨੇਡਾ ਸਰਕਾਰ ਵੱਲੋਂ ਇਹ ਐਲਾਨ ਸਾਡੀਆਂ ਕੋਸ਼ਿਸ਼ਾਂ ਦੀ ਹੀ ਤਾਈਦ ਹੈ। ਇਸ ਤੋਂ ਪਹਿਲਾਂ ਇਹ ਕੰਪਨੀਆਂ ਅਮਰੀਕਾ, ਯੂਰਪੀਅਨ ਯੂਨੀਅਨ ਤੇ ਯੂਨਾਈਟਿਡ ਕਿੰਗਡਮ ਸਰਕਾਰਾਂ ਨਾਲ ਵੀ ਕਰਾਰ ਕਰ ਚੁੱਕੀਆਂ ਹਨ।

# ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ 4 ਸਤੰਬਰ ਤੋਂ ਅਕਤੂਬਰ ਅੰਤ ਤੱਕ ਖਤਮ ਹੋਣ ਵਾਲੇ ਵਿਜ਼ਟਰ ਵੀਜੇ 5 ਮਹੀਨੇ ਤੱਕ ਵਧਾਏ

ਔਕਲੈਂਡ, 24 ਸਤੰਬਰ (ਹਰਜਿੰਦਰ ਸਿੰਘ ਬਸਿਆਲਾ) ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ 4 ਸਤੰਬਰ ਨੂੰ ਜਾਣਕਾਰੀ ਦਿੱਤੀ ਸੀ ਕਿ ਜਿਹੜੇ ਲੋਕਾਂ ਦੇ ਵਿਜਟਰ ਵੀਜੇ ਇਸ ਸਾਲ 4 ਸਤੰਬਰ ਤੋਂ ਅਕਤੂਬਰ ਮਹੀਨੇ ਦੇ ਅੰਤ ਤੱਕ ਖਤਮ ਹੋ ਰਹੇ ਹਨ ਉਨ੍ਹਾਂ ਦੇ ਵੀਜ਼ੇ 5 ਮਹੀਨੇ ਤੱਕ ਵਧਾਏ ਜਾ ਸਕਦੇ ਹਨ, ਸੋ ਇਹ ਵੀਜ਼ੇ ਹੁਣ ਵਧ ਗਏ ਹਨ। ਲੋਕਾਂ ਨੂੰ ਈਮੇਲਾਂ ਵੀ ਆ ਗਈਆਂ ਹਨ ਅਤੇ ਕੁਝ ਲੋਕ ਸਟੇਟਸ ਵੀ ਚੈਕ ਕਰ ਰਹੇ ਹਨ। ਕੁਝ ਵੱਖਰੀ ਸ਼੍ਰੇਣੀ ਵਾਲੇ ਵੀਜ਼ੇ ਇਸ ਸੁਵਿਧਾ ਦੇ ਵਿਚ ਨਹੀਂ ਆਉਣਗੇ ਜਿਵੇਂ ਕਿਸੇ ਨਾਜ਼ੁਕ ਸਥਿਤੀ ਦੇ ਵਿਚ ਇਥੇ ਆਇਆ ਵਿਅਕਤੀ, ਕਿਸੇ ਨਬਾਲਿਗ ਵਿਦਿਆਰਥੀ ਦੇ ਗਾਰਡੀਅਨ ਵਜੋਂ ਆਇਆ ਵਿਅਕਤੀ ਅਤੇ ਜਾਂ ਫਿਰ ਵਰਕ ਵੀਜ਼ੇ ਵਾਲਾ ਵਿਅਕਤੀ ਜਿਸ ਦਾ ਵੀਜਾ ਪਹਿਲਾਂ ਵੱਧ ਚੁੱਕਾ ਹੈ ਅਤੇ ਉਸ ਦੇ ਅਧਾਰ ਉਤੇ ਰਹਿਣ ਵਾਲਾ ਉਸਦਾ ਸਾਥੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਇਕ ਵਿਸ਼ੇਸ਼ ਸ਼੍ਰੇਣੀ 'ਕੋਵਿਡ-19 ਸ਼ਾਰਟ ਟਰਮ ਵਿਜ਼ਟਰ ਵੀਜ਼ਾ' ਵੀ ਲਿਆਂਦਾ ਜਾ ਰਿਹਾ ਹੈ ਜਿਸ ਦੀ ਮਿਆਦ ਦੋ ਮਹੀਨੇ ਦੀ ਹੋਵੇਗੀ




ਤਾਂ ਕਿ ਇਥੇ ਰੁਕੇ ਲੋਕ ਆਪਣੀ ਵਤਨ ਵਾਪਿਸੀ ਦਾ ਪ੍ਰਬੰਧ ਕਰ ਸਕਣ। ਜਿਹੜੇ ਲੋਕ ਸ਼ਾਰਟ ਟਰਮ ਵੀਜ਼ੇ ਉਤੇ ਇਥੇ ਕੰਮ ਕਰਦੇ ਹਨ ਉਨ੍ਹਾਂ ਨੂੰ ਇਸਦੀ ਆਗਿਆ ਨਹੀਂ ਹੋਵੇਗੀ। ਇਮੀਗਰੇਸ਼ਨ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਕੋਵਿਡ-19 ਸ਼ਾਰਟ ਟਰਮ ਵੀਜ਼ਾ ਉਨ੍ਹਾਂ ਦੀ ਸਹਾਇਤਾ ਵਾਸਤੇ ਹੈ ਜਿਨ੍ਹਾਂ ਦਾ ਮੌਜੂਦਾ ਵਿਜਟਰ ਵੀਜਾ, ਵਰਕ ਵੀਜ਼ਾ, ਵਿਦਿਆਰਥੀ ਵੀਜਾ ਅਤੇ ਪਾਰਟਨਰਸ਼ਿੱਪ ਵੀਜਾ ਖਤਮ ਹੋਣ ਵਾਲਾ ਹੈ ਅਤੇ ਇਨ੍ਹਾਂ ਨੂੰ ਹੋਰ ਕੋਈ ਵੀਜ਼ਾ ਨਹੀਂ ਦਿੱਤਾ ਜਾ ਸਕਦਾ ਸੀ। ਇਸ ਕਰਕੇ ਇਨ੍ਹਾਂ ਨੂੰ ਕੋਵਿਡ-19 ਵੀਜ਼ਾ ਦੇ ਕੇ ਸਪਸ਼ਟ ਰੂਪ ਵਿਚ ਸੰਦੇਸ਼ ਹੋਵੇਗਾ ਕਿ ਉਹ ਆਪਣੇ ਵਤਨ ਵਾਪਿਸ ਪਰਤ ਜਾਣ ਵਾਸਤੇ ਪ੍ਰਬੰਧ ਕਰ ਲੈਣ। ਇਸ ਵੀਜੇ ਵਾਸਤੇ ਵਿਅਕਤੀਗਤ ਤੌਰ 'ਤੇ ਸਤੰਬਰ ਦੇ ਅੱਧ ਤੋਂ ਅਪਲਾਈ ਕੀਤਾ ਜਾ ਸਕੇਗਾ। ਇਨ੍ਹਾਂ ਨੂੰ ਅਰਜੀ ਦੇ ਨਾਲ ਫੀਸ ਵੀ ਦੇਣੀ ਪਵੇਗੀ। ਇਸ ਸਬੰਧੀ ਹੋਰ ਜਾਣਕਾਰੀ ਆਉਣ ਵਾਲੇ ਦਿਨਾਂ ਵਿਚ ਇਮੀਗ੍ਰੇਸ਼ਨ ਵੈਬਸਾਈਟ ਉਤੇ ਦਿੱਤੀ ਜਾ ਰਹੀ ਹੈ। ਅਰਜ਼ੀਦਾਤਾ ਕੋਲ ਮਿਆਦ ਵਾਲਾ ਪਾਸਪੋਰਟ, ਵਧੀਆ ਚਰਿੱਤਰ, ਨਿਊਜ਼ੀਲੈਂਡ ਰਹਿਣ ਲਈ ਵਾਸਤਵਿਕ ਕਾਰਨ, ਨਿਊਜ਼ੀਲੈਂਡ ਤੁਰੰਤ ਨਾ ਛੱਡਣ ਦਾ ਕਾਰਨ ਅਤੇ ਵੀਜੇ ਦੀ ਮਿਆਦ ਖਤਮ ਹੋਣ 'ਤੇ ਵਾਪਿਸ ਜਾਣ ਦੀ ਸਹਿਮਤੀ ਦੇਣੀ ਹੋਵੇਗੀ।

ਇਸਦੇ ਉਲਟ ਅਸਥਾਈ ਵੀਜੇ ਵਾਲਿਆਂ ਨੂੰ ਇਹ ਨਹੀਂ ਵਿਖਾਉਣਾ ਹੋਵੇਗਾ ਕਿ ਉਨ੍ਹਾਂ ਕੋਲ ਰਹਿਣ ਲਈ ਕਾਫੀ ਧੰਨ ਹੈ, ਵਾਪਿਸ ਜਾਣ ਵਾਸਤੇ ਹਵਾਈ ਪ੍ਰਬੰਧ ਹੈ, ਸਿਹਤਯਾਬੀ ਅਤੇ ਰਹਿਣ ਲਈ ਨਿਰਧਾਰਤ ਪੈਸਾ ਜੋ ਕਿ ਸਮੇਂ ਅਨੁਸਾਰ ਹੁੰਦਾ ਹੈ। ਸੋ ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਮੀਗ੍ਰੇਸ਼ਨ ਚਾਹੁੰਦੀ ਹੈ ਕਿ ਜਿੰਨੇ ਵੀ ਇਥੇ ਕੋਵਿਡ-19 ਕਰਕੇ ਰੁਕੇ ਹੋਏ ਹਨ ਉਹ ਆਪਣੀ ਵਤਨ ਵਾਪਿਸੀ ਦਾ ਪ੍ਰਬੰਧ ਇਥੇ ਕਾਨੂੰਨੀ ਤੌਰ 'ਤੇ ਰਹਿੰਦਿਆ ਹੀ ਕਰ ਲੈਣ।






## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 26, ਕੱਦ 5 ਫੁਟ 11 ਇੰਚ, ਦਾੜ੍ਹੀ ਕੇਸ ਰੱਖੇ ਹੋਏ ਕੈਨੇਡੀਅਨ ਸਿਟੀਜਨ ਫੈਡਰਲ ਗਵਰਨਮੈਂਟ ਵਿਚ ਲੈਵਲ 3 ਦੀ ਜੌਬ ਕਰਦੇ ਲੜਕੇ ਲਈ ਸੁੰਦਰ, ਸੁਸ਼ੀਲ ਚੰਗੇ ਘਰਾਣੇ ਦੀ ਲੜਕੀ ਦੀ ਲੋੜ ਹੈ, ਜਿਹੜੀ ਵਾਲ ਨਾ ਕੱਟਦੀ ਹੋਵੇ। ਲੜਕੇ ਦਾ ਪਰਿਵਾਰ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ।
ਸੰਪਰਕ: 613-799-8090 Email: singhmohan2006@gmail.com

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਲੜਕਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ-95925-26284, ਕੈਨੇਡਾ- 403-804-9345

ਲੁਬਾਣਾ ਸਿਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



## 27 ਸਤੰਬਰ ਨੂੰ ਤੜਕੇ ਦੋ ਵਜੇ ਨਿਊਜ਼ੀਲੈਂਡ ਦਾ ਸਟੈਂਡਰਡ ਸਮਾਂ ਇਕ ਘੰਟਾ ਅੱਗੇ ਹੋ ਜਾਵੇਗਾ

ਔਕਲੈਂਡ, 24 ਸਤੰਬਰ (ਹਰਜਿੰਦਰ ਸਿੰਘ ਬਸਿਆਲਾ):ਨਿਊਜ਼ੀਲੈਂਡ ਡੇਅਲਾਈਟ ਸੇਵਿੰਗ ਦੀ ਸ਼ੁਰੂਆਤ ਤਹਿਤ ਅਗਲੇ ਐਤਵਾਰ 27 ਸਤੰਬਰ ਨੂੰ ਸਵੇਰੇ 2 ਵਜੇ ਘੜੀਆਂ ਦਾ ਸਮਾਂ ਇਕ ਘੰਟੇ ਅੱਗੇ ਹੋ ਜਾਵੇਗਾ। ਇਹ ਸਮਾਂ ਇਸੀ ਤਰ੍ਹਾਂ 4 ਅਪ੍ਰੈਲ 2021 ਤੱਕ ਜਾਰੀ ਰਹੇਗਾ। ਸੋ 26 ਦੀ ਰਾਤ ਸੌਣ ਲੱਗੇ ਆਪਣੀਆਂ ਘੜੀਆਂ ਦਾ ਸਮਾਂ ਅੱਗੇ ਕਰ ਲਿਆ ਜਾਵੇ ਤਾਂ ਕਿ 27 ਦੀ ਸਵੇਰ ਬਦਲਿਆ ਹੋਇਆ ਸਹੀ ਸਮਾਂ ਮਿਲ ਸਕੇ। ਸਮਾਟ ਫੋਨਾਂ ਅਤੇ ਸਮਾਟ ਘੜੀਆਂ ਉਤੇ ਇਹ ਸਮਾਂ ਆਪਣੇ ਆਪ ਬਦਲ ਜਾਵੇਗਾ ਤੇ ਸੂਈਆਂ ਆਪੇ ਅੱਗੇ ਘੁੰਮ ਜਾਣਗੀਆਂ। ਚਾਬੀ ਵਾਲੀਆਂ ਘੜੀਆਂ, ਟਾਈਮ ਕਲਾਕ (ਟਾਈਮ ਪੀਸ) ਜਾਂ ਗੁੱਟ ਉਤੇ ਬੰਨ੍ਹੀਆਂ ਘੜੀਆਂ ਦੀ ਸੂਈ ਜਰੂਰ ਅੱਗੇ ਕਰਨੀ ਪਏਗੀ। 30 ਸਤੰਬਰ ਨੂੰ ਸੂਰਜ ਇਕ ਘੰਟਾ ਲੇਟ ਚੜ੍ਹੇਗਾ ਅਤੇ ਇਕ ਘੰਟਾ ਲੇਟ ਅਸਤ ਹੋਵੇਗਾ ਜਿਸ ਦਾ ਮਤਲਬ ਹੋਏਗਾ ਕਿ ਤੁਹਾਨੂੰ ਸ਼ਾਮ ਨੂੰ ਇਕ ਘੰਟਾ ਹੋਰ ਰੌਸ਼ਨੀ ਮਿਲੇਗੀ। ਨਿਊਜ਼ੀਲੈਂਡ ਦੇ ਵਿਚ ਪਹਿਲੀ ਵਾਰ 1927 ਦੇ ਵਿਚ ਅਜਿਹਾ ਸਮਾਂ ਤਬਦੀਲ ਕਰਨਾ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਮੌਜੂਦਾ ਸਮਾਂ ਤਬਦੀਲੀ 2007 ਤੋਂ ਚੱਲ ਰਹੀ ਹੈ। ਆਸਟਰੇਲੀਆ ਦੇ ਵਿਚ ਡੇਅ ਲਾਈਟ ਸੇਵਿੰਗ ਤਹਿਤ 4 ਅਕਤੂਬਰ ਨੂੰ ਘੜੀਆਂ ਦਾ ਸਮਾਂ ਇਕ ਘੰਟਾ ਅੱਗੇ ਹੋ ਜਾਵੇਗਾ ਅਤੇ ਇਹ 4 ਅਪ੍ਰੈਲ 2021 ਨੂੰ ਦੁਬਾਰਾ ਇਕ ਘੰਟਾ ਪਿੱਛੇ ਹੋ ਜਾਵੇਗਾ।

ਬਸੰਤ ਦਾ ਮੌਸਮ 23 ਸਤੰਬਰ ਤੋਂ ਸਦਰਨ ਹੇਮਿਸਫੀਰ (ਦੱਖਣੀ ਅਰਧ ਗੋਲਾ) ਦੇ ਵਿਚ ਸਪਰਿੰਗ ਬਸੰਦ ਦਾ ਮੌਸਮ ਵੀ ਸ਼ੁਰੂ ਹੋ ਚੁੱਕਾ ਹੈ। ਨਿਊਜ਼ੀਲੈਂਡ ਦੇ ਵਿਚ ਸਤੰਬਰ-ਅਕਤੂਬਰ-ਨਵੰਬਰ ਮਹੀਨੇ ਨੂੰ ਬਸੰਤ ਦੇ ਮਹੀਨੇ ਕਿਹਾ ਜਾਂਦਾ ਹੈ।

## ਫੌਜ ’ਚ ਭਰਤੀ ਕਰਾਉਂਣ ਦਾ ਝਾਂਸਾ ਦੇ ਕੇ 60 ਲੋਕਾਂ ਨਾਲ ਠੱਗੀ

ਸ਼ਾਹਕੋਟ, 24 ਸਤੰਬਰ (ਪੋਸਟ ਬਿਊਰੋ)- ਇੰਡੀਅਨ ਆਰਮੀ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਕਰਨ ਵਾਲੇ ਇੱਕ ਵਿਅਕਤੀ ਦੇ ਖਿਲਾਫ ਸ਼ਾਹਕੋਟ ਪੁਲਸ ਨੇ ਕੇਸ ਦਰਜ ਕੀਤਾ ਹੈ। ਪੁਲਸ ਦੋਸ਼ੀ ਨੂੰ ਉਤਰ ਪ੍ਰਦੇਸ਼ ਦੇ ਅਲੀਗੜ੍ਹ ਦੇ ਥਾਣਾ ਇਗਲਾਸ ਦੀ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ਉਤੇ ਲਿਆਈ ਹੈ ਅਤੇ ਉਸ ਤੋਂ ਪੁੱਛ ਗਿੱਛ ਦੇ ਬਾਅਦ ਉਸ ਨੂੰ ਛੱਡਣ ਉਤਰ ਪ੍ਰਦੇਸ਼ ਜਾਏਗੀ। ਦੋਸ਼ੀ ਨੇ ਮੰਨਿਆ ਕਿ ਉਹ ਲੈਫਟੀਨੈਂਟ ਕਰਨਲ ਦੀ ਵਰਦੀ ਪਾ ਕੇ ਲੋਕਾਂ ’ਤੇ ਰੌਹਬ ਪਾਉਂਦਾ ਸੀ। ਉਸ ਨੇ ਕਈ ਰਾਜਾਂ ਵਿੱਚ 50 ਤੋਂ 60 ਲੋਕਾਂ ਨਾਲ ਏਦਾਂ ਹੀ ਠੱਗੀ ਕੀਤੀ ਹੈ।

# ਫਲੂ ਸ਼ੌਟ ਲਈ ਫੋਰਡ ਵੱਲੋਂ 5.1 ਮਿਲੀਅਨ ਡੋਜ਼ਿਜ਼ ਦਾ ਐਲਾਨ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਉਹ ਓਨਟਾਰੀਓ ਦੇ ਇਤਿਹਾਸ ਵਿੱਚ ਸੱਭ ਤੋਂ ਵੱਡੀ ਇਮਿਊਨਾਈਜ਼ੇਸ਼ਨ ਕੈਂਪੇਨ ਚਲਾਉਣ ਜਾ ਰਹੀ ਹੈ।

ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਹ ਤਾਜ਼ਾ ਕੈਂਪੇਨ ਕੋਵਿਡ-19 ਦੀ ਸੈਕਿੰਡ ਵੇਵ ਲਈ ਹੈਲਥ ਸਿਸਟਮ ਨੂੰ ਤਿਆਰ ਕਰਨ ਦੀ ਪ੍ਰੋਵਿੰਸ ਦੀ ਵਿਆਪਕ ਯੋਜਨਾ ਦਾ ਹਿੱਸਾ ਹੈ। ਡਿਪਟੀ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਫੋਰਡ ਨਾਲ ਇਸ ਸਬੰਧੀ ਐਲਾਨ ਕਰਦਿਆਂ ਆਖਿਆ ਕਿ ਜਦੋਂ ਇਹ ਫਲੂ ਸ਼ੌਟ ਤਿਆਰ ਹੋ ਜਾਣਗੇ ਤਾਂ ਸਾਰੇ ਕੈਨੇਡੀਅਨ ਇਨ੍ਹਾਂ ਨੂੰ ਲਵਾਉਣ ਦੀ ਖੇਚਲ ਕਰਨ।

ਫੋਰਡ ਨੇ ਆਖਿਆ ਕਿ ਸਾਨੂੰ ਪਤਾ ਹੈ ਕਿ ਸੈਕਿੰਡ ਵੇਵ ਆ ਰਹੀ ਹੈ। ਅਸੀਂ ਵਧੇਰੇ ਚੁਣੌਤੀਆਂ ਭਰੀ ਸੈਕਿੰਡ ਵੇਵ ਦਾ ਸਾਹਮਣਾ ਕਰਨ ਲਈ ਗਰਮੀਆਂ ਵਿੱਚ ਇਸ ਵਿਆਪਕ ਯੋਜਨਾ ਉੱਤੇ ਕੰਮ ਕਰਦੇ ਰਹੇ ਹਾਂ। ਉਨ੍ਹਾਂ ਆਖਿਆ ਕਿ ਇਹ ਯੋਜਨਾ ਥੋੜ੍ਹੀ ਗੁੰਝਲਦਾਰ ਹੈ, ਇਸੇ ਲਈ ਸਰਕਾਰ ਨੇ ਇਸ ਨੂੰ



ਪੜਾਅਵਾਰ ਜਾਰੀ ਕਰਨ ਦਾ ਫੈਸਲਾ ਕੀਤਾ ਹੈ।

ਫੋਰਡ ਨੇ ਆਖਿਆ ਕਿ ਜੇ ਅਸੀਂ ਇਹ ਯੋਜਨਾ ਇੱਕੋ ਵਾਰੀ ਲਾਗੂ ਕਰਦੇ ਹਾਂ ਤਾਂ ਲੋਕਾਂ ਤੱਕ ਸਹੀ ਸੁਨੇਹਾ ਨਹੀਂ ਪਹੁੰਚੇਗਾ। ਪ੍ਰੋਵਿੰਸ ਨੇ ਆਖਿਆ ਕਿ ਇਸ ਯੋਜਨਾ ਦੇ ਹਿੱਸੇ ਵਜੋਂ ਬਹੁਤਾ ਧਿਆਨ ਟੈਸਟਾਂ ਵਿੱਚ ਵਾਧਾ ਕਰਨ, ਕੇਸ ਤੇ ਕਾਂਟੈਕਟ ਮੈਨੇਜਮੈਂਟ, ਜਲਦੀ ਤੋਂ ਜਲਦੀ ਕੇਸ ਦੀ ਪਛਾਣ, ਮੈਨੇਜਮੈਂਟ ਤੇ ਕੋਵਿਡ-19 ਆਊਟਬ੍ਰੇਕਸ ਦੀ ਰੋਕਥਾਮ ਉੱਤੇ ਦਿੱਤਾ ਜਾਵੇਗਾ। ਇਹ ਪੁੱਛੇ ਜਾਣ ਉੱਤੇ ਕਿ ਪਹਿਲੀ ਡੋਜ਼ ਕਦੋਂ ਦਿੱਤੀ ਜਾਵੇਗੀ ਤਾਂ ਐਲੀਅਟ ਨੇ ਆਖਿਆ ਕਿ ਫਲੂ ਦੀ ਵੈਕਸੀਨ ਦੀ ਪਹਿਲੀ ਖੇਪ ਅਗਲੇ ਹਫਤੇ ਪਹੁੰਚ ਜਾਵੇਗੀ।

ਐਲੀਅਟ ਨੇ ਵੀ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਸਾਰੇ ਹੀ ਇਸ ਵੈਕਸੀਨ ਦਾ ਸ਼ੌਟ ਜ਼ਰੂਰ ਲਵਾਉਣ। ਉਨ੍ਹਾਂ ਇਹ ਵੀ ਆਖਿਆ ਕਿ ਸਰਕਾਰ ਸਲਾਇਵਾ ਟੈਸਟ ਲਈ ਜ਼ੋਰ ਲਾ ਰਹੀ ਹੈ ਪਰ ਅਜੇ ਇਸ ਦੀ ਪੁਸ਼ਟੀ ਹੋਣੀ ਬਾਕੀ ਹੈ ਕਿ ਕੀ ਇਹ ਕਾਇਮ ਹੋਵੇਗਾ ਕਿ ਨਹੀਂ। ਅੱਜ ਓਨਟਾਰੀਓ ਵਿੱਚ ਕੋਵਿਡ-19 ਦੇ 478 ਮਾਮਲੇ ਸਾਹਮਣੇ ਆਏ।

## ਟਰੰਪ ਨੇ ਤਿੱਖੇ ਤੇਵਰ ਦਿਖਾਏ: ਚੋਣਾਂ ਵਿੱਚ ਹਾਰ ਵੀ ਗਿਆ ਤਾਂ ਚੁੱਪਚਾਪ ਕੁਰਸੀ ਨਹੀਂ ਛੱਡਣ ਲੱਗਾ

ਵਾਸ਼ਿੰਗਟਨ, 24 ਸਤੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿੱਚ ਹਾਰ ਹੋਣਤੋਂ ਬਾਅਦ ਵੀ ਆਰਾਮ ਨਾਲ ਸੱਤਾ ਦੀ ਤਬਦੀਲੀ ਨੂੰ ਰੱਦ ਕਰ ਦਿੱਤਾ ਹੈ।

ਡੋਨਾਲਡ ਟਰੰਪ ਨੇ ਕਿਹਾ ਕਿ ਉਨਾਂ ਦੀ ਸਪੱਸ਼ਟ ਰਾਏ ਹੈ ਕਿ ਇਹ ਚੋਣ ਨਤੀਜੇ ਅਮਰੀਕੀ ਸੁਪਰੀਮ ਕੋਰਟ ਤੱਕ ਜਾਣਗੇ, ਕਿਉਂਕਿ ਉਨ੍ਹਾਂ ਨੂੰ ਪੋਸਟਲ ਵੋਟਿੰਗਤੋਂ ਸ਼ੱਕ ਹੈ, ਕਈ ਸੂਬਾ ਮੇਲ ਨਾਲ ਵੋਟਿੰਗ ਨੂੰ ਹੱਲਾਸ਼ੇਰੀ ਦੇ ਰਹੇ ਹਨ, ਜਿਸ ਦੇ ਪਿੱਛੇ ਉਹ ਕੋਰੋਨਾਵਾਇਰਸ ਤੋਂ ਸੁਰੱਖਿਆ ਨੂੰ ਕਾਰਨ ਦੱਸਦੇ ਹਨ। ਇਕ ਪੱਤਰਕਾਰ ਨੇ ਡੋਨਾਲਡ ਟਰੰਪ ਨੂੰ ਪੁੱਛਿਆ ਸੀ



ਕਿ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਿਡੇਨ ਤੋਂ ਚੋਣਾਂ ਹਾਰਨ, ਜਿੱਤਣ ਜਾਂ ਡਰਾਅ ਹੋਣ ਦੀ ਸਥਿਤੀ ਵਿਚ ਕੀ ਉਹ ਸ਼ਾਂਤੀ ਨਾਲ ਸੱਤਾ ਛੱਡ ਦੇਣਗੇ। ਇਸ ਉੱਤੇ ਟਰੰਪ ਨੇ ਕਿਹਾ ਕਿ ਮੈਂ ਬੈਲਟ ਪੇਪਰਾਂ ਦੀ ਸ਼ਿਕਾਇਤ ਕਰਦਾ ਰਿਹਾ ਹਾਂ ਅਤੇ ਉਹ ਇਕ ਮੁਸੀਬਤ ਹੈ।ਜਦ ਪੱਤਰਕਾਰ ਨੇ ਕਿਹਾ ਕਿ ਲੋਕ ਹੰਗਾਮਾ ਕਰ ਰਹੇ ਹਨ ਤਾਂ ਡੋਨਾਲਡ ਟਰੰਪ ਨੇ ਉਸ ਨੂੰ ਟੋਕ ਕੇ ਕਿਹਾ ਕਿ ਬੈਲਟ ਪੇਪਰਾਂ ਤੋਂ ਛੁਟਕਾਰਾ ਪਾਓ ਤੇ ਸ਼ਾਂਤੀ ਨਾਲ ਸੱਤਾ ਤਬਾਦਲਾ ਨਹੀਂ ਹੋਵੇਗਾ, ਉਹੀ ਸਰਕਾਰ ਜਾਰੀ ਰਹੇਗੀ। ਵਰਨਣ ਯੋਗ ਹੈ ਕਿ ਸਾਲ 2016 ਵਿਚ ਡੋਨਾਲਡ ਟਰੰਪ ਨੇ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨਾਲ ਚੋਣਾਂ ਲੱੜਦੇ ਹੋਏ ਵੀ ਚੋਣ ਨਤੀਜਾ ਨਾ ਮੰਨਣ ਦੀ ਗੱਲ ਆਖੀ ਸੀ। ਹਿਲੇਰੀ ਕਲਿੰਟਨ ਨੇ ਓਦੋਂ ਟਰੰਪ ਦੇ ਇਸ ਬਿਆਨ ਨੂੰ ਲੋਕਤੰਤਰ ਉੱਤੇ ਹਮਲਾ ਕਿਹਾ ਸੀ, ਪਰ ਚੋਣਾਂ ਵਿਚ ਰਿਪ-ਬਲਿਕਨ ਉਮੀਦਵਾਰ ਟਰੰਪ ਜਿੱਤ ਗਿਆ ਸੀ।

ਪਿਛਲੇ ਮਹੀਨੇ ਹਿਲੇਰੀ ਕਲਿੰਟਨ ਨੇ ਜੋਅ ਬਿਡੇਨਨੂੰ ਕਿਸੇ ਵੀ ਹਾਲਤ ਵਿਚ ਹਾਰ ਨਾ ਮੰਨਣ ਨੂੰ ਕਿਹਾ ਸੀ। ਉਨ੍ਹਾਂ ਨੇ ਉਸ ਸਥਿਤੀ ਦਾ ਜ਼ਿਕਰ ਕੀਤਾ ਸੀ, ਜਿਸ ਵਿਚ ਰਿਪਬਲਿਕਨ ਪਾਰਟੀ ‘ਅਬਸੈਂਟੀ ਬੈਲੇਟਸ’ (ਵੋਟਿੰਗ ਦੌਰਾਨ ਗੈਰ-ਹਾਜ਼ਰ ਵੋਟਰ) ਬਾਰੇ ਹੰਗਾਮਾ ਕਰੇਗੀ ਅਤੇ ਨਤੀਜੇ ਨੂੰ ਚੁਣੌਤੀ ਦੇਣ ਲਈ ਵਕੀਲਾਂ ਦੀ ਫੌਜ ਇਕੱਠੀ ਕਰੇਗੀ।

## ਐਰਿਨ ਓਟੂਲ ਦੀ ਪਤਨੀ ਵੀ ਆਈ ਕੋਵਿਡ-19 ਪਾਜ਼ੀਟਿਵ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦੀ ਪਤਨੀ ਵੀ ਕੋਵਿਡ-19 ਪਾਜ਼ੀਟਿਵ ਪਾਈ ਗਈ ਹੈ।

ਪਾਰਟੀ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਰੈਬੇਕਾ ਓਟੂਲ ਵਿੱਚ ਬੁਖਾਰ ਸਮੇਤ ਹੋਰ ਲੱਛਣ ਐਤਵਾਰ ਨੂੰ ਨਜ਼ਰ ਆਉਣੇ ਸ਼ੁਰੂ ਹੋਏ। ਫਿਰ ਉਨ੍ਹਾਂ ਵੱਲੋਂ ਟੈਸਟ ਕਰਵਾਇਆ ਗਿਆ ਤੇ ਉਹ ਪਾਜ਼ੀਟਿਵ ਆ ਗਿਆ। ਆਪਣੇ ਕੋਵਿਡ ਪਾਜ਼ੀਟਿਵ ਸਟਾਫ ਮੈਂਬਰ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਪਿਛਲੇ ਹਫਤੇ ਐਰਿਨ ਓਟੂਲ ਨੂੰ ਵੀ ਇਹ ਵਾਇਰਸ ਹੋ ਗਿਆ ਸੀ। ਓਟੂਲ ਦਾ ਇੱਕ ਹੋਰ ਸਟਾਫ ਮੈਂਬਰ ਵੀ



ਪਾਜ਼ੀਟਿਵ ਪਾਇਆ ਗਿਆ ਹੈ। ਇਸ ਤੋਂ ਇਲਾਵਾ ਬਲਾਕ ਕਿਊਬਿਕੁਆ ਦੇ ਆਗੂ ਯਵੇਸ ਬਲਾਂਸ਼ੇ ਤੇ ਉਨ੍ਹਾਂ ਦੀ ਪਤਨੀ ਵੀ ਕੋਵਿਡ ਪਾਜ਼ੀਟਿਵ ਆਏ ਹਨ। ਦੋਵਾਂ ਵਿਰੋਧੀ ਪਾਰਟੀਆਂ ਦੇ ਆਗੂ ਇਸ ਸਮੇਂ ਕੁਆਰਨਟੀਨ ਹਨ ਤੇ ਨਤੀਜਤਨ ਬੁੱਧਵਾਰ ਨੂੰ ਹੋਣ ਵਾਲੇ ਰਾਜ ਭਾਸ਼ਣ ਵਿੱਚ ਹਿੱਸਾ ਨਹੀਂ ਲੈ ਪਾਉਣਗੇ।

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com
1085 Bellamy Rd (N) Unit #210 Scarbrough (Toronto) 647-929-7736 Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਦਲਦਲ ਵਿੱਚ ਫਸਣ ਕਾਰਨ 14 ਸਾਲਾ ਬੱਚੀ ਦੀ ਮੌਤ




ਫਲੈਮਬੌਰੋ, 24 ਸਤੰਬਰ (ਪੋਸਟ ਬਿਊਰੋ) : ਫਲੈਮਬੌਰੋ ਵਿੱਚ ਇੱਕ 14 ਸਾਲਾ ਲੜਕੀ ਆਪਣੇ ਘੋੜੇ ਉੱਤੇ ਰਾਈਡ ਕਰ ਰਹੀ ਸੀ ਕਿ ਅਚਾਨਕ ਪੇਸ਼ ਆਏ ਹਾਦਸੇ ਕਾਰਨ ਉਸ ਦੀ ਮੌਤ ਹੋ ਗਈ।

ਸੋਮਵਾਰ ਰਾਤ ਤੋਂ ਪਹਿਲਾਂ ਹਾਈਵੇਅ 5 ਅਤੇ ਮਿਲਗਰੋਵ ਸਾਈਡ ਰੋਡ ਨੇੜੇ ਇਹ ਹਾਦਸਾ ਵਾਪਰਿਆ। ਹੈਮਿਲਟਨ ਪੁਲਿਸ ਨੇ ਦੱਸਿਆ ਕਿ ਇਹ ਬੱਚੀ ਆਪਣੀ ਮਾਂ ਨਾਲ ਸੜਕ ਕਿਨਾਰੇ ਘੁੜਸਵਾਰੀ ਕਰ ਰਹੀ ਸੀ ਜਦੋਂ ਉਸ ਦਾ ਘੋੜਾ ਦਲਦਲੀ ਜ਼ਮੀਨ ਵਿੱਚ ਜਾ ਧਸਿਆ। ਲੜਕੀ ਆਪਣੇ ਘੋੜੇ ਦੀ ਪਿੱਠ ਤੋਂ ਉਤਰਨ ਵਿੱਚ ਤਾਂ ਕਾਮਯਾਬ ਹੋ ਗਈ ਪਰ ਉਹ ਦਲਦਲ ਵਿੱਚ ਹੀ ਸਮਾ ਗਈ। ਜਦੋਂ ਉਸ ਨੂੰ ਦਲਦਲ ਵਿੱਚੋਂ ਕੱਢਿਆ ਗਿਆ ਤਾਂ ਇੰਜ ਲੱਗ ਰਿਹਾ ਸੀ ਕਿ ਉਦੋਂ ਤੱਕ ਉਸ ਵਿੱਚ ਕੋਈ ਜਾਨ ਪ੍ਰਾਣ ਨਹੀਂ ਸਨ ਬਚੇ। ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਸ ਬਾਰੇ ਅਜੇ ਤੱਕ ਕੁੱਝ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਘਟਨਾ ਵਿੱਚ ਘੋੜੇ ਨੂੰ ਕਿੰਨਾਂ ਕੁ ਨੁਕਸਾਨ ਹੋਇਆ। ਘੋੜੇ ਨੂੰ ਵੀ ਟਰੇਲਰ ਵਿੱਚ ਲੱਦ ਕੇ ਲਿਜਾਇਆ ਗਿਆ।

# ਕੈਨੇਡੀਅਨ ਆਟੋ ਵਰਕਰਜ਼ ਨੇ ਫੋਰਡ ਮੋਟਰ ਨਾਲ ਸਮਝੌਤਾ ਨੰਵਿਆਂਇਆ, ਹੜਤਾਲ ਦਾ ਖਤਰਾ ਟਲਿਆ

ਡਿਟਰੌਇਟ, 24 ਸਤੰਬਰ (ਪੋਸਟ ਬਿਊਰੋ) : ਕੈਨੇਡੀਅਨ ਆਟੋ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਫੋਰਡ ਨਾਲ ਆਪਣੇ ਕਾਂਟਰੈਕਟ ਨੂੰ ਨੰਵਿਆਂ ਕੇ ਹੜਤਾਲ ਦਾ ਖਤਰਾ ਟਾਲ ਦਿੱਤਾ। ਇਸ ਕਾਂਟਰੈਕਟ ਨੂੰ ਨੰਵਿਆਉਣ ਲਈ ਡੈੱਡਲਾਈਨ ਸੋਮਵਾਰ ਰਾਤ ਤੱਕ ਹੀ ਸੀ।

ਯੂਨੀਫੌਰ ਯੂਨੀਅਨ ਵੱਲੋਂ ਮੰਗਲਵਾਰ ਨੂੰ ਸਵੇਰੇ ਨਿਊਜ਼ ਕਾਨਫਰੰਸ ਰੱਖੀ ਗਈ ਹੈ ਤੇ ਉਹ ਇਸ ਦੌਰਾਨ ਸਾਰੀ ਗੱਲਬਾਤ ਦਾ ਖੁਲਾਸਾ ਕਰਨਗੇ। ਯੂਨੀਅਨ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਨੇ ਸੋਮਵਾਰ ਰਾਤ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਬਾਰਗੇਨਿੰਗ ਕਮੇਟੀ ਸਹੀ ਕਾਂਟਰੈਕਟ ਕਰਨ ਲਈ ਸਾਰੀ ਰਾਤ ਗੱਲਬਾਤ ਵਾਸਤੇ ਤਿਆਰ ਸੀ। ਉਨ੍ਹਾਂ ਆਖਿਆ ਕਿ ਅਸੀਂ ਕਿਸੇ ਵੀ ਹਾਲ ਫੋਰਡ ਦੀਆਂ ਕੈਨੇਡੀਅਨ ਫੈਕਟਰੀਆਂ ਵਿੱਚ ਹੜਤਾਲ ਨਹੀਂ ਸੀ ਚਾਹੁੰਦੇ।




ਯੂਨੀਅਨ ਟੋਰਾਂਟੋ ਨੇੜੇ ਓਕਵਿੱਲ, ਓਨਟਾਰੀਓ ਸਥਿਤ ਫੋਰਡ ਅਸੈਂਬਲੀ ਪਲਾਂਟ ਲਈ ਤਿੰਨ ਸਾਲ ਦੇ ਕਾਂਟਰੈਕਟ ਵਿੱਚ ਪ੍ਰੋਡਕਟ ਸਬੰਧੀ ਵਚਨਬੱਧਤਾ ਚਾਹੁੰਦੀ ਸੀ। ਫੋਰਡ ਐੱਜ ਤੇ ਲਿੰਕਨ ਨੌਟਿਲਸ ਐਸਯੂਵੀਜ਼ ਦਾ ਉਤਪਾਦਨ 2023 ਵਿੱਚ ਇਸ ਪਲਾਂਟ ਵਿੱਚ ਬੰਦ ਹੋਣ ਵਾਲਾ ਹੈ। ਡਾਇਸ ਨੇ ਆਖਿਆ ਕਿ ਯੂਨੀਅਨ ਇਲੈਕਟ੍ਰਿਕ ਵ੍ਹੀਕਲ ਸਬੰਧੀ ਠੋਸ ਵਾਅਦਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ ਫੋਰਡ ਦੇ ਵਿੰਡਸਰ, ਓਨਟਾਰੀਓ ਵਿੱਚ ਦੋ ਇੰਜਣ ਪਲਾਂਟ ਵੀ ਹਨ। ਇਨ੍ਹਾਂ ਦੋਵਾਂ ਪਲਾਂਟਸ ਵਿੱਚ ਰਲਾ ਕੇ 5300 ਵਰਕਰਜ਼ ਕੰਮ ਕਰਦੇ ਹਨ। ਫੋਰਡ ਨਾਲ ਗੱਲਬਾਤ ਸਿਰੇ ਲੱਗਣ ਤੋਂ ਬਾਅਦ ਹੁਣ ਯੂਨੀਫੌਰ ਵੱਲੋਂ ਜਨਰਲ ਮੋਟਰਜ਼ ਤੇ ਫਿਏਟ ਕ੍ਰਾਈਸਲਰ ਨਾਲ ਵੀ ਗੱਲਬਾਤ ਸ਼ੁਰੂ ਕੀਤੀ ਜਾਵੇਗੀ।

# ਰੇਸ ਟਰੈਕ ’ਤੇ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਦੱਖਣੀ ਓਨਟਾਰੀਓ ਵਿੱਚ ਇੱਕ ਰੇਸ ਟਰੈਕ ਉੱਤੇ ਕਾਰ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ 59 ਸਾਲਾ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਸ਼ੁੱਕਰਵਾਰ ਨੂੰ ਉਸ ਸਮੇਂ ਵਾਪਰਿਆ ਜਦੋਂ ਹਾਲਡੀਮੈਂਡ ਕਾਊਂਟੀ ਵਿੱਚ ਟੋਰਾਂਟੋ ਮੋਟਰਸਪੋਰਟਸ ਪਾਰਕ ਵਿੱਚ ਇੱਕ ਰੇਸਿੰਗ ਮੁਕਾਬਲੇ ਵਿੱਚ ਕਾਰਾਂ ਨਿਰਧਾਰਤ ਸਟਾਰਟਿੰਗ ਲਾਈਨ ਉੱਤੇ ਪਹੁੰਚ ਰਹੀਆਂ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵਿਅਕਤੀ ਪੈਦਲ ਹੀ ਜਾ ਰਿਹਾ ਸੀ ਕਿ ਇੱਕ ਗੱਡੀ ਦੀ ਚਪੇਟ ਵਿੱਚ ਆ ਗਿਆ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਉਸ ਨੂੰ ਪਹਿਲਾਂ ਲੋਕਲ ਹਸਪਤਾਲ ਲਿਜਾਇਆ ਗਿਆ ਫਿਰ ਉਸ ਨੂੰ ਟਾਊਨ ਤੋਂ ਬਾਹਰਲੇ ਹਸਪਤਾਲ ਲਿਜਾਣ ਲਈ ਏਅਰ ਐਂਬੂਲੈਂਸ ਦਾ ਸਹਾਰਾ ਲਿਆ ਗਿਆ। ਮੰਗਲਵਾਰ ਦੁਪਹਿਰ ਨੂੰ ਹਾਸਲ ਹੋਈ ਜਾਣਕਾਰੀ ਅਨੁਸਾਰ ਅੱਜ ਸਵੇਰੇ ਉਸ ਦੀ ਮੌਤ ਹੋ ਗਈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫੇਅਰਵਿਊ ਮਾਲ ਦੇ ਸੈਫੋਰਾ ਸਟੋਰ ਵਿੱਚ ਕੋਵਿਡ-19 ਕੇਸ ਪਾਏ ਜਾਣ ਦੀ ਹੋਈ ਪੁਸ਼ਟੀ

ਓਨਟਾਰੀਓ, 24 ਸਤੰਬਰ (ਪੋਸਟ ਬਿਊਰੋ) : ਫੇਅਰਵਿਊ ਮਾਲ ਦੇ ਇੱਕ ਮਸ਼ਹੂਰ ਕਾਸਮੈਟਿਕ ਸਟੋਰ ਸੈਫੋਰਾ ਵਿੱਚ ਕੋਵਿਡ-19 ਪਾਜ਼ੀਟਿਵ ਕੇਸ ਪਾਏ ਜਾਣ ਤੋਂ ਬਾਅਦ ਇਸ ਦੀ ਡੀਪ ਕਲੀਨਿੰਗ ਕੀਤੀ ਜਾ ਰਹੀ ਹੈ।




ਕੈਡੀਲੈਕ ਫੇਅਰਵਿਊ (ਸੀ ਐਫ) ਨੇ ਦੱਸਿਆ ਕਿ ਇਹ ਇਨਫੈਕਸ਼ਨ ਸੈਫੋਰਾ ਤੋਂ ਹੀ ਆਈ। ਮਾਲ ਦੇ ਬੁਲ-ਾਰੇ ਨੇ ਦੱਸਿਆ ਕਿ ਸੈਫੋਰਾ ਵਿੱਚ ਕੋਵਿਡ-19 ਕੇਸ ਬਾਰੇ ਸੀ ਐਫ ਨੂੰ ਜਲਦ ਹੀ ਜਾਣਕਾਰੀ ਦੇ ਦਿੱਤੀ ਗਈ ਸੀ। ਪ੍ਰਭਾਵਿਤ ਕਲਾਇੰਟ ਨੇ ਤੇਜ਼ੀ ਨਾਲ ਤੇ ਜ਼ਿੰਮੇਵਾਰਾਨਾ ਢੰਗ ਨਾਲ ਕੈਡੀਲੈਕ ਫੇਅਰਵਿਊ ਤੇ ਪਬਲਿਕ ਹੈਲਥ ਨਾਲ ਇਸ ਸਬੰਧ ਵਿੱਚ ਸੰਪਰਕ ਕੀਤਾ। ਪਬਲਿਕ ਹੈਲਥ ਵੱਲੋਂ ਦਿੱਤੀ ਗਈ ਸਲਾਹ ਉੱਤੇ ਕਲਾਇੰਟ ਤੇ ਸੀ ਐਫ ਨੇ ਫੌਰਨ ਲੋੜੀਂਦੇ ਕਦਮ ਚੁੱਕੇ ਤੇ ਕਲਾਇੰਟ ਸਪੇਸ ਦੀ ਡੀਪ ਕਲੀਨਿੰਗ ਦਾ ਪ੍ਰਬੰਧ ਵੀ ਕੀਤਾ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਪਾਜ਼ੀਟਿਵ ਕੇਸ ਇੰਪਲੌਈ ਹੈ ਜਾਂ ਗਾਹਕ ਤੇ ਉਹ ਆਖਰੀ ਵਾਰੀ ਸਟੋਰ ਵਿੱਚ ਕਦੋਂ ਮੌਜੂਦ ਸੀ। ਸੀ ਐਫ ਨੇ ਦੱਸਿਆ ਕਿ ਸਟੋਰ ਖੁੱਲ੍ਹਾ ਰਹੇਗਾ।

# ਨੈਸ਼ਨਲ ਕਾਰਬਨ ਟੈਕਸ ਬਾਰੇ ਅੱਜ ਸੁਣਵਾਈ ਕਰੇਗਾ ਸੁਪਰੀਮ ਕੋਰਟ ਆਫ ਕੈਨੇਡਾ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਫੈਡਰਲ ਕਾਰਬਨ ਟੈਕਸ ਸੰਵਿਧਾਨਕ ਹੈ ਜਾਂ ਨਹੀਂ ਇਹ ਤੈਅ ਕਰਨ ਲਈ ਸੁਪਰੀਮ ਕੋਰਟ ਆਫ ਕੈਨੇਡਾ ਵੱਲੋਂ ਅੱਜ ਸੁਣਵਾਈ ਸ਼ੁਰੂ ਕੀਤੀ ਜਾਵੇਗੀ।




ਪ੍ਰੋਵਿੰਸਿਜ਼, ਜਿਨ੍ਹਾਂ ਕੋਲ ਕਾਰਬਨ ਟੈਕਸ ਸਬੰਧੀ ਆਪਣਾ ਕੋਈ ਸਿਸਟਮ ਨਹੀਂ ਹੈ, ਵਿੱਚ ਕਾਰਬਨ ਟੈਕਸ ਲਾਉਣ ਦੀ ਓਟਵਾ ਦੀ ਨੀਤੀ ਨਾਲ ਸਬੰਧਤ ਤਿੰਨ ਵੱਖ ਵੱਖ ਮਾਮਲਿਆਂ ਵਿੱਚ ਅਦਾਲਤ ਵੱਲੋਂ ਦੋ ਦਿਨ ਤੱਕ ਜਿਰ੍ਹਾ ਸੁਣੀ ਜਾਵੇਗੀ। 2019 ਵਿੱਚ ਸਸਕੈਚਵਨ ਤੇ ਓਨਟਾਰੀਓ ਵਿੱਚ ਅਪੀਲ ਕੋਰਟ ਨੇ ਓਟਵਾ ਦੇ ਹੱਕ ਵਿੱਚ ਫੈਸਲਾ ਸੁਣ-ਾਇਆ ਸੀ। ਇਸ ਸਾਲ ਫਰਵਰੀ ਵਿੱਚ ਅਲਬਰਟਾ ਕੋਰਟ ਆਫ ਅਪੀਲ ਨੇ ਆਖਿਆ ਕਿ ਟੈਕਸ ਸੰਵਿਧਾਨਕ ਨਹੀਂ ਹੈ ਤੇ ਇਹ ਪ੍ਰੋਵਿੰਸ਼ੀਅਲ ਸ਼ਕਤੀਆਂ ਦੀ ਉਲੰਘਣਾ ਹੈ। ਓਨਟਾਰੀਓ ਤੇ ਸਸਕੈਚਵਨ ਵੱਲੋਂ ਇਸ ਸਬੰਧ ਵਿੱਚ ਕੀਤੀ ਗਈ ਅਪੀਲ ਮਾਰਚ ਵਿੱਚ ਹੋਣੀ ਸੀ ਪਰ ਕੋਵਿਡ-19 ਮਹਾਂਮਾਰੀ ਕਾਰਨ ਇਹ ਮੁਲਤਵੀ ਹੋ ਗਈ।

ਇਸ ਦੇਰੀ ਕਾਰਨ ਅਲਬਰਟਾ ਨੂੰ ਵੀ ਆਪਣਾ ਕੇਸ ਫਾਈਲ ਕਰਨ ਦਾ ਮੌਕਾ ਮਿਲ ਗਿਆ। ਇਸ ਲਈ ਹੁਣ ਇਨ੍ਹਾਂ ਸਾਰੇ ਮਾਮਲਿਆਂ ਦੀ ਸੁਣਵਾਈ ਇੱਕੋ ਵੇਲੇ ਸ਼ੁਰੂ ਹੋਵੇਗੀ।

# ਜੇ ਅਸੀ ਆਪਣਾ ਵਿਵਹਾਰ ਨਾ ਬਦਲਿਆ ਤਾਂ ਕੋਵਿਡ-19 ਹੋਰ ਤੇਜ਼ੀ ਨਾਲ ਫੈਲੇਗਾ : ਡਾ. ਟੈਮ

ਓਟਵਾ, 24 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਬਾਰੇ ਤਾਜ਼ਾ ਫੈਡਰਲ ਮਾਡਲਿੰਗ ਵਿੱਚ ਸਾਹਮਣੇ ਆਇਆ ਹੈ ਕਿ ਜਲਦ ਹੀ ਕੈਨੇਡਾ ਦੀ ਮਹਾਂਮਾਰੀ ਦਾ ਦਾਇਰਾ ਫੈਲਣ ਵਾਲਾ ਹੈ। ਇੱਕ ਕਿਆਫੇ ਅਨੁਸਾਰ ਜੇ ਕੈਨੇਡੀਅਨਾਂ ਨੇ ਮਹਾਂਮਾਰੀ ਦੇ ਸ਼ੁਰੂਆਤੀ ਮਹੀਨਿਆਂ ਵਾਂਗ ਸਿਹਤ ਸਬੰਧੀ ਅਹਿਤਿਆਤ ਤੋਂ ਕੰਮ ਨਾ ਲਿਆ ਤਾਂ 2 ਅਕਤੂਬਰ ਤੱਕ ਕੈਨੇਡਾ ਵਿੱਚ ਕੋਵਿਡ-19 ਦੇ 155,795 ਮਾਮਲੇ ਹੋਣਗੇ ਤੇ 9300 ਲੋਕਾਂ ਦੀ ਇਸ ਕਾਰਨ ਮੌਤ ਹੋ ਜਾਵੇਗੀ।

ਫੈਡਰਲ ਹੈਲਥ ਅਧਿਕਾਰੀਆਂ ਵੱਲੋਂ ਜਾਰੀ ਕੀਤੀ ਗਈ ਅਪਡੇਟ ਅਨੁਸਾਰ ਕਈ ਪ੍ਰੋਵਿੰਸਾਂ ਵਿੱਚ ਵਾਇਰਸ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਨਾਲ ਕੈਨੇਡਾ ਵਿੱਚ ਸੈਕਿੰਡ ਵੇਵ ਆਉਣ ਦੀ ਸੰਭਾਵਨਾ ਬਹੁਤ ਜ਼ਿਆਦਾ ਵਧ ਗਈ ਹੈ। ਕੈਨੇਡਾ ਵਿੱਚ ਇਸ ਸਮੇਂ ਕੋਵਿਡ-19 ਦੇ 11,000 ਐਕਟਿਵ ਮਾਮਲੇ ਹਨ ਜਦਕਿ 126,230 ਮਰੀਜ਼ ਤਾਂ ਸਿਹਤਯਾਬ ਵੀ ਹੋ ਚੁੱਕੇ ਹਨ। ਹੁਣ ਤੱਕ 9200 ਕੈਨੇਡੀਅਨਜ਼ ਦੀ ਕਰੋਨਾਵ-ਾਇਰਸ ਕਾਰਨ ਮੌਤ ਹੋ ਚੁੱਕੀ ਹੈ।



ਪੱਤਰਕਾਰਾਂ ਨੂੰ ਮੁਹੱਈਆ ਕਰਵਾਏ ਗਏ ਫੈਡਰਲ ਦਸਤਾਵੇਜ਼ਾਂ ਅਨੁਸਾਰ ਕੈਨੇਡਾ ਇਸ ਸਮੇਂ ਚੌਰਾਹੇ ਉੱਤੇ ਹੈ ਤੇ ਕਾਂਟੈਕਟ ਰੇਟ ਨੂੰ ਘੱਟ ਕਰਨ ਲਈ ਹਰ ਵਿਅਕਤੀ ਵਿਸ਼ੇਸ਼ ਦੀ ਕੋਸ਼ਿਸ਼ ਹੀ ਸਾਡਾ ਰਾਹ ਤੈਅ ਕਰੇਗੀ। ਮੰਗਲਵਾਰ ਨੂੰ ਇੱਕ ਬ੍ਰੀਫਿੰਗ ਦੌਰਾਨ ਸਿਹਤ ਮੰਤਰੀ ਪੈਟੀ ਹਾਜਦੂ ਨੇ ਆਖਿਆ ਕਿ ਅੱਜ ਸਾਡੇ ਵੱਲੋਂ ਲਏ ਗਏ ਫੈਸਲਿਆਂ ਕਾਰਨ ਸਾਡਾ ਭਵਿੱਖ ਸਾਡੇ ਆਪਣੇ ਹੱਥ ਹੈ। ਸਾਨੂੰ ਇੱਕ ਦੂਜੇ ਨਾਲ ਮੁਲਾਕਾਤ ਤੋਂ ਇਨਕਾਰ ਕਰਨਾ ਚਾਹੀਦਾ ਹੈ, ਆਪਣੇ ਇੱਕਠਾਂ ਦਾ ਆਕਾਰ ਵੀ ਛੋਟਾ ਰੱਖਣਾ ਚਾਹੀਦਾ ਹੈ। ਗੈਰਜ਼ਰੂਰੀ ਤੌਰ ਉੱਤੇ ਸੋਸ਼ਲਾਈਜ਼ਿੰਗ ਨਹੀਂ ਕਰਨੀ ਚਾਹੀਦੀ। ਇਸ ਦੌਰਾਨ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਜੇ ਕੈਨੇਡਾ ਨੇ ਅੱਜ ਦੀ ਰਫਤਾਰ ਨਾਲ ਇੱਕ ਦੂਜੇ ਨਾਲ ਕਾਂਟੈਕਟ ਕਰਨਾ ਜਾਰੀ ਰੱਖਿਆ ਅਤੇ ਜੇ ਅਸੀ ਆਪਣਾ ਵਿਵਹਾਰ ਨਾ ਬਦਲਿਆ ਤਾਂ ਕੋਵਿਡ-19 ਹੋਰ ਤੇਜ਼ੀ ਨਾਲ ਫੈਲੇਗਾ। ਇਹ ਸਮਾਂ ਮਾਰਚ ਤੇ ਅਪਰੈਲ ਵਿੱਚ ਅਪਣਾਏ ਗਏ ਨਿਜੀ ਪ੍ਰੋਟੈਕਸ਼ਨ ਤੇ ਵੱਖ ਹੋਣ ਦੇ ਮਾਪਦੰਡ ਅਪਨਾਉਣ ਦਾ ਹੈ ਤਾਂ ਹੀ ਮਹਾਂਮਾਰੀ ਨੂੰ ਮੋੜਿਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਬਹੁਤੇ ਕੈਨੇਡੀਅਨਾਂ ਦੀ ਵਾਇਰਸ ਪ੍ਰਤੀ ਇਮਿਊਨਿਟੀ ਨਹੀਂ ਹੈ। ਇਹ ਸਾਡੇ ਹੈਲਥ ਸਿਸਟਮ ਦੀ ਸਮਰੱਥਾ ਨੂੰ ਮਾਤ ਦੇ ਸਕਦਾ ਹੈ ਤੇ ਸਾਡੇ ਸਮਾਜਕ ਤੇ ਆਰਥਿਕ ਸਿਸਟਮ ਨੂੰ ਵੀ ਖੋਰਾ ਲਾ ਸਕਦਾ ਹੈ।



# ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਦੋਬਾਰਾ ਖੋਲ੍ਹਣਾ ਸਾਰਿਆਂ ਵਾਸਤੇ ਮਾਅਨੇ ਰੱਖਦਾ ਹੈ

**ਇਸੇ ਕਰਕੇ** ਓਨਟੈਰਿਓ ਸਰਕਾਰ ਨੇ ਸਾਡੇ ਬੱਚਿਆਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਾਸਤੇ ਵਿਆਪਕ ਯੋਜਨਾ ਵਿਕਸਤ ਕਰਨ ਲਈ ਸਿਹਤ ਅਧਿਕਾਰੀਆਂ, ਸਕੂਲ ਬੋਰਡਾਂ ਅਤੇ ਸਿੱਖਿਅਕਾਂ ਨਾਲ ਕੰਮ ਕੀਤਾ ਹੈ।

- **ਸਰੀਰਕ ਦੂਰੀ ਰੱਖਣ** ਦੇ ਉਪਾਅ ਲਾਗੂ ਕੀਤੇ ਜਾਣਗੇ ਜਿਵੇਂ ਕਿ ਡੈਸਕਾਂ ਨੂੰ ਵੱਖਰਾ ਕਰਨਾ, ਸੰਕੇਤ, ਫਰਸ਼ 'ਤੇ ਨਿਸ਼ਾਨ, ਅਤੇ ਵਨ-ਵੇ ਹਾਲਵੇ।
- ਕਰਮਚਾਰੀਆਂ ਅਤੇ ਗ੍ਰੇਡ 4 - 12 ਦੇ ਵਿਦਿਆਰਥੀਆਂ ਲਈ **ਫੇਸ ਕਵਰਿੰਗ** ਲਾਜ਼ਮੀ ਹੋਣਗੀਆਂ।
- ਹੈਂਡ ਸੈਨੀਟਾਈਜ਼ਰ ਅਤੇ ਹੱਥਾਂ ਨੂੰ ਧੋਣ ਦੇ ਨਾਲ **ਹੱਥਾਂ ਦੀ ਸਫ਼ਾਈ** ਦਾ ਬੰਦੋਬਸਤ ਕੀਤਾ ਜਾਵੇਗਾ।
- ਸਕੂਲਾਂ ਵਿੱਚ **ਜ਼ਿਆਦਾ ਨਰਸਾਂ** ਹੋਣਗੀਆਂ।
- **ਸਕੂਲਾਂ ਦੀ ਸਫ਼ਾਈ** ਨੂੰ ਵਧਾਇਆ ਜਾਵੇਗਾ।



**ontario.ca/ReopeningSchools** 'ਤੇ ਜਾਓ।
ਇਸਦਾ ਭੁਗਤਾਨ ਓਨਟੈਰੀਓ ਸਰਕਾਰ ਨੇ ਕੀਤਾ ਹੈ

Ontario

